# LIVING, DYING, BURIED, RISING, COMING

## ਜਿਉਣਾ, ਮਰਨਾ, ਦਫਨ ਹੋਣਾ, ਜੀ ਉਠਨਾ, ਫੇਰ ਆਉਣਾ।

ਮਾਰਚ 29, 1959, ਈਸਟਰ - ਐਤਵਾਰ, ਸੂਰਜ਼ ਦੀ ਚੜ੍ਹਾਈ ਸਮੇਂ

ਇਹ ਕੁਝ ਇਸ ਤਰ੍ਹਾਂ ਹੈ ਜਿਸ ਨੂੰ ਅਸੀਂ ਮਨੁੱਖ ਦੀ ਬੋਲੀ ਵਿੱਚ ਬਿਆਨ ਨਹੀਂ ਕਰ ਸਕਦੇ । ਬਿਆਨ ਕਰਨਾ ਮੁਸ਼ਕਿਲ ਹੈ, ਸਾਡੇ ਹਿਰਦੇ ਇਸ ਤਰਾਂ ਮਹਿਸੂਸ ਕਰ ਰਹੇ ਹਨ ਜਿਸ ਤਰਾਂ ਅਸੀਂ ਇਥੇ ਖਾਸ ਪਵਿੱਤਰ ਸਵੇਰ ਨੂੰ ਜਮ੍ਹਾਂ ਹੋਏ ਹਾਂ।ਇਹ ਸਵੇਰ ਉਸ ਸਮੇਂ ਨੂੰ ਪੇਸ਼ ਕਰਦੀ ਹੈ ਜਦੋਂ ਸਾਡਾ ਧਰਮ ਇੱਕ ਅਸਲ ਬਣ ਗਿਆ ਸੀ, ਕਿਉਂ ਜੋ ਇਹ ਤੇਰੇ ਕੀਮਤੀ ਪੁੱਤ੍ਰ ਦਾ ਫੇਰ ਜੀ ਉਠਣਾ ਸੀ ਜੋ ਸਾਰੀ ਮਨੁੱਖ ਜਾਤੀ ਨੂੰ ਛੁਟਕਾਰਾ ਦੇਣ ਆਇਆ ਸੀ। ਪ੍ਰਭੂ ਇਸ ਸਵੇਰ ਅਸੀਂ ਏਥੇ ਉਸ ਵੱਡੀ ਮਹਾਨ ਫੱਤਹ ਦੀ ਯਾਦਗਾਰ ਲਈ ਆਏ ਹਾਂ। ਜਿਸ ਸਾਨੂੰ ਦੋਨਾਂ ਮੌਤ, ਕਬਰ ਅਤੇ ਨਰਕ ਉਪਰ ਫਤੱਹ ਮੰਦ ਨਾਲੋਂ ਵੱਧ ਬਣਾ ਦਿੱਤਾ ਹੈ। ਅਤੇ ਅਸੀਂ ਏਹਨਾਂ ਸਭਨਾਂ ਸਾਲਾਂ ਦੇ ਬੀਤ ਜਾਣ ਤੇ ਤੇਰਾ ਧੰਨਵਾਦ ਕਰਦੇ ਹਾਂ, ਕਿ ਅਸੀਂ ਅਜੇ ਵੀ ਉਸ ਦੀ ਭਗਤੀ ਕਰਨ ਲਈ ਈਸਟਰ ਦੀ ਸਵੇਰ-ਸਵਖਤੇ ਜਮ੍ਹਾਂ ਹੁੰਦੇ ਹਾਂ, ਕਿਉਂ ਜੋ ਸਾਡੀ ਨਿਹਚਾ ਹੈ ਕਿ ਉਹ ਫੇਰ ਆਏਗਾ।

2. ਅਤੇ ਸਾਡੀ ਬੇਨਤੀ ਹੈ, ਸਾਡੇ ਵਿਰੁੱਧ ਦਰਜ਼ ਹੋਏ ਸਾਰੇ ਪਾਪਾਂ ਅਤੇ ਅਪਰਾਧਾਂ ਨੂੰ ਤੂੰ ਮਾਫ ਕਰਦੇ ਤੇ ਜਿਸ ਤਰ੍ਹਾਂ ਅਸੀਂ ਹਲੀਮੀ ਨਾਲ ਆਪਣੀਆਂ ਗਲਤੀਆਂ ਦਾ ਇਕਰਾਰ ਕਰਦੇ ਅਤੇ ਉਹ ਦੇ ਪ੍ਰਾਸਚਿਤ ਨੂੰ ਆਪਣੇ ਪਾਪਾਂ ਲਈ ਕਬੂਲ ਕਰਦੇ ਹਾਂ। ਪ੍ਰਭੂ ਸਾਡੇ ਵਿੱਚਕਾਰ ਜੋ ਵੀ ਰੋਗ ਪਾਏ ਜਾਂਦੇ ਹਨ ਚੰਗੇ ਕਰ, ਸਾਡੀ ਸਹਾਇਤਾ ਕਰ ਜਿਸ ਤਰ੍ਹਾਂ ਅਸੀਂ ਤੇਰਾ ਪੱਵਿਤਰ ਵਚਨ ਪੜ੍ਹਦੇ ਹਾਂ ਜੋ ਕਿ ਸਾਰੀਆਂ ਸੱਚਾਈਆਂ ਦੀ ਨੀਂਹ ਹੈ, ਜੋ ਤੂੰ ਸਾਨੂੰ ਦਿੱਤਾ ਹੈ ਕਿ ਅਸੀਂ ਉਸੇ ਰਾਹੀਂ ਜਿਉਂਦੇ ਰਹੀਏ ਅਤੇ ਨਿਹਚਾ ਕਰੀਏ।

3. ਅਤੇ ਅਸੀਂ ਨਾ ਕੇਵਲ ਏਥੇ ਜਮ੍ਹਾਂ ਹੋਏ ਝੁੰਡ ਲਈ ਪਰ ਸਾਰੇ ਸੰਸਾਰ ਅੰਦਰ ਜਮ੍ਹਾਂ ਹੋਏ ਝੁੰਡ ਲਈ ਪਰਾਥਨਾ ਕਰਦੇ ਹਾਂ। ਅਸੀਂ ਚਾਹਵਾਨ ਅੱਖਾਂ ਨਾਲ ਹਿਰਦੇ ਅੰਦਰ ਉਸ ਦੀ ਆਮਦ ਨੂੰ ਤੱਕ ਰਹੇ ਹਾਂ। ਅੱਜ ਅਸੀਂ ਅੰਧਕਾਰ ਅਤੇ ਧੂੰਦਕਾਰ ਵਿੱਚ ਖੜ੍ਹੇ ਹਾਂ, ਜੋ ਕਿਸੇ ਸਮੇਂ ਕੋਈ ਵੀ ਹੱਠ ਧਰਮੀ ਕਿਸੇ ਚੀਜ ਨੂੰ ਜਲਾ ਕੇ,ਅਤੇ ਇੱਕ ਬਟਨ ਦਬਾਉਣ ਤੇ ਸਾਰਾ ਸੰਸਾਰ ਟੁਕੜਿਆਂ ਵਿੱਚ ਖਿੱਲਰ ਜਾਏਗਾ। ਜਿਸ ਤਰ੍ਹਾਂ ਸਾਨੂੰ ਉਚ-ਪੱਧਰੀ ਸਰਕਾਰ ਨੇ ਦੱਸਿਆ ਹੈ ਕਿ ਜੇ ਫੇਰ ਕਦੇ ਵੀ ਯੁੱਧ ਛਿੜਿਆਂ ਤਾਂ ਕੁਝ ਹੀ ਘੰਟਿਆਂ ਦਾ ਹੋਏਗਾ। ਵੇਖੋ! ਜਿਵੇਂ ਹੀ ਅਸੀਂ ਇੱਕ ਹੋਰ ਯੁੱਧ ਦੇ ਕੰਢੇ ਤੇ ਖੜ੍ਹੇ ਹਾਂ। ਤਾਂ ਕਲੀਸੀਯਾ ਸ਼ਾਨਦਾਰ ਜੀ ਉਠੱਣ ਵਾਲੇ ਕੰਢੇ ਤੇ ਖੜ੍ਹੀ ਹੈ, ਅਸੀਂ ਸੁੱਤੇ ਸੰਤਾਂ ਨਾਲ ਪ੍ਰਭੂ ਦੇ ਮਿਲਣ ਲਈ ਹਵਾ ਵਿੱਚ ਉਠਾ ਲਏ ਜਾਵਾਂਗੇ ਅਤੇ ਹਮੇਸ਼ਾਂ ਉਸ ਦੇ ਨਾਲ ਰਹਾਂਗੇ।

4. ਅਸੀਂ ਪ੍ਰਭੂ ਤੇਰੀ ਭਗਤੀ ਕਰਨ ਲਈ ਆਏ ਹਾਂ, ਅਤੇ ਅੱਜ ਸਾਨੂੰ ਕਬੂਲ

ਕਰ ਲੈ। ਤੇਰੇ ਬਚਨ ਦੇ ਪੜ੍ਹੇ ਜਾਣ
ਤੇ, ਗੀਤਾਂ ਦੇ ਗਾਉਣ ਤੇ, ਸੁਸਮਾਚਾਰ ਦੇ ਪਰਚਾਰੇ ਜਾਣ ਤੇ ਆਸ਼ੀਸ਼ ਦੇ, ਤੌਬਾ ਕਰਨ ਵਾਲਿਆਂ ਦੀ ਪਰਾਥਨਾ ਕਬੂਲ ਕਰ। ਬੀਮਾਰਾਂ ਦੀ ਪਰਾਥਨਾ ਸੁਣ, ਅਤੇ ਆਪਣੀ ਮਹਿਮਾ ਹੋਣ ਦੇ, ਕਿਉਂ ਕਿ ਅਸੀਂ ਹਲੀਮੀ ਨਾਲ ਤੇਰੇ ਪੁੱਤ ਯਿਸੂ ਦੇ ਨਾਮ ਵਿੱਚ ਮੰਗਦੇ ਹਾਂ, ਆਮੀਨ।

5. ਇਸ ਸਵੇਰ ਅਸੀਂ ਤੁਹਾਡੇ ਲਈ ਜੋ ਪੜ੍ਹੇ ਜਾਣ ਵਾਲੇ ਬਚਨ ਨੂੰ ਪਸੰਦ ਕਰਦੇ ਹੋ, ਲੈਣਾ ਹੈ।

6. ਅਤੇ ਸਾਨੂੰ ਜਾਣ ਕੇ ਦੁੱਖ ਵੀ ਹੈ ਕਿ ਇਸ ਵਧੀਆ ਲੋਕਾਂ ਦੇ ਝੁੰਡ ਲਈ ਜੋ ਇਸ ਸਵੇਰ ਸਵੱਖਤੇ ਸਾਡੇ ਨਾਲ ਮਿਲ ਕੇ ਭਗਤੀ ਕਰਨ ਆਇਆ ਹੈ, ਉਹਨਾਂ ਨੂੰ ਬਿਠਾਉਣ ਲਈ ਕਮਰੇ ਅੰਦਰ ਜਗਹ ਨਹੀਂ ਹੈ।ਵੱਖ-ਵੱਖ ਗਿਰਜੇ, ਅਤੇ ਵੱਖ ਸੂਬਿਆਂ ਏਥੋਂ ਤੱਕ ਵੱਖ-ਵੱਖ ਜਾਤਾਂ ਵਿੱਚੋਂ, ਇਸ ਸਵੇਰ ਏਥੇ ਡੇਰੇ ਅੰਦਰ, ਪ੍ਰਭੂ ਦੀ ਸ਼ਾਨ ਵਾਲੀ ਭਗਤੀ ਕਰਨ ਨੂੰ ਜਮ੍ਹਾਂ ਹੋਏ ਹੋ।

7. ਮੈਂ ਚਾਹੁੰਦਾ ਹਾਂ ਕਿ ਤੁਸੀਂ ਜਬੂਰਾਂ ਦੀ ਕਿਤਾਬ, ਜਬੂਰ 22 ਕੱਢ ਲਵੋ। ਅਤੇ ਮੈਂ ਜਾਣਦਾ ਹਾਂ ਇਹ ਇੱਕ ਈਸਟਰ ਦੀ ਬੰਦਗੀ ਤੇ ਪੜ੍ਹਨ ਲਈ ਇਹ ਅਸਾਧਾਰਨ ਥਾਂ ਹੈ। ਪਰ ਖ਼ੁਦਾ ਵੀ ਅਸਾਧਾਰਨ ਹੈ।

8. ਹੁਣ ਇਸ ਬੰਦਗੀ ਤੋਂ ਬਾਅਦ, ਅਸੀਂ ਲਗਭੱਗ ਇੱਕ ਘੰਟੇ ਲਈ ਬੰਦ ਕਰ ਦਿਆਂਗੇ ਤਾਂ ਜੋ ਤੁਸੀਂ ਆਪਣੇ ਨਾਸਤੇ ਲਈ ਜਾ ਸਕੋ। ਅਤੇ ਫੇਰ 9:30 ਤੇ ਸੰਡੇ ਸਕੂਲ ਦੀ ਬੰਦਗੀ ਸ਼ੁਰੂ ਹੋਵੇਗੀ। ਅਤੇ ਫੇਰ ਝੱਟ ਸੰਡੇ ਸਕੂਲ ਦੀ ਬੰਦਗੀ ਤੋਂ ਬਾਅਦ ਏਥੇ ਤਲਾਅ ਵਿੱਚ ਬਪਤਿਸਮੇ ਕੀਤੇ ਜਾਣਗੇ। ਅਤੇ ਫੇਰ ਇਸੇ ਦੁਪਹਿਰ ਤੋਂ ਬਾਅਦ 6 ਵਜੇ ਰਾਤ ਨੂੰ ਹੋਣ ਵਾਲੀ ਚੰਗਿਆਈ ਦੀ ਬੰਦਗੀ ਲਈ ਪਰਾਥਨਾ ਕਾਰਡ ਵੰਡੇ ਜਾਣਗੇ। ਅਤੇ ਜੇ ਕਰ ਕੋਈ ਤੁਹਾਡਾ ਪਿਆਰਾ ਰੋਗੀ ਅਤੇ ਜਰੂਰਤ ਮੰਦ ਹੋਵੇ, ਤਾਂ ਉਹਨਾਂ ਨੂੰ ਰਾਤ ਨੂੰ ਲਿਆਉਣ ਲਈ ਯਾਦ ਰਖਣਾ ਖੈਰ ਥੋੜੇ ਸਮੇਂ ਲਈ ਅਸੀਂ ਕਰ ਸਕਦੇ ਹਾਂ ਕਿਉ ਜੋ ਇੱਹ ਆਖ਼ਰੀ ਸਭਾ ਹੋਵੇਗੀ। ਮੈਂ ਸਵੇਰੇ 5 ਵਜੇ ਲੱਸ ਐਂਜਲੱਸ ਵੱਲ ਜਾਵਾਗਾਂ ਤੇ ਪੱਛਮੀ ਸਰਹੱਦ ਵਿੱਚ ਲਗਾਤਾਰ ਬੰਦਗੀਆਂ ਕਰਾਗਾਂ।

**9.** ਹੁਣ ਅਸੀਂ ਜਬੂਰ **22** ਵਿੱਚੋਂ ਪੜ੍ਹਾਂਗੇ।

ਹੇ ਮੇਰੇ ਪਰਮੇਸ਼ਵਰ, ਹੇ ਮੇਰੇ ਪਰਮੇਸ਼ਵਰ, ਤੈਂ ਮੈਨੂੰ ਕਿਉਂ
ਛੱਡ ਦਿੱਤਾ ਹੈ?
ਅਤੇ ਮੇਰੇ ਬਚਾਉਣ ਤੋਂ ਅਤੇ ਮੇਰੀਆਂ ਭੁੱਬਾਂ ਦਿਆਂ
ਸ਼ਬਦਾਂ ਤੋਂ ਕਿਉਂ ਦੂਰ ਰਹਿੰਦਾ ਹੈ?

ਹੇ ਮੇਰੇ ਪਰਮੇਸ਼ਵਰ, ਮੈਂ ਦਿਨ ਨੂੰ ਪੁਕਾਰਦਾ ਹਾਂ ਪਰ ਤੂੰ ਉੱਤਰ ਨਹੀਂ ਦਿੰਦਾ,
ਅਤੇ ਰਾਤ ਨੂੰ ਵੀ ਪਰ ਮੈਨੂੰ ਚੈਨ ਨਹੀਂ ।
ਤੂੰ ਤਾਂ ਪਵਿੱਤਰ ਹੈ,
ਤੂੰ ਜੋ ਇਸਰਾਏਲ ਦੀਆਂ ਉਸਤਤਾਂ ਵਿੱਚ ਵੱਸਦਾ ਹੈ।
ਸਾਡੇ ਪਿਉ ਦਾਦਿਆਂ ਨੇ ਤੇਰੇ ਉੱਤੇ ਭਰੋਸਾ ਕੀਤਾ,
ਉਨ੍ਹਾਂ ਨੇ ਭਰੋਸਾ ਕੀਤਾ ਅਤੇ ਤੈਂ ਉਨ੍ਹਾਂ ਨੂੰ ਛੁਡਾਇਆ।
ਉਨ੍ਹਾਂ ਨੇ ਤੇਰੀ ਦੁਹਾਈ ਦਿੱਤੀ ਅਤੇ ਛੁਟਕਾਰਾ ਪਾਇਆ,
ਉਨ੍ਹਾਂ ਨੇ ਤੇਰੇ ਉੱਤੇ ਭਰੋਸਾ ਰੱਖਿਆ ਅਤੇ ਓਹ ਸ਼ਰਮਿੰਦੇ ਨਾ ਹੋਏ॥
ਪਰ ਮੈਂ ਕੀੜਾ ਹਾਂ, ਮੈਂ ਮਨੁੱਖ ਨਹੀਂ ਹਾਂ,
ਆਦਮੀ ਦੀ ਨਮੋਸ਼ੀ ਅਤੇ ਲੋਕਾਂ ਵਿੱਚ ਤੁੱਛ ਹਾਂ।
ਜਿੰਨੇ ਮੈਨੂੰ ਵੇਖਦੇ ਹਨ ਓਹ ਮੈਨੂੰ ਮਖੌਲ ਵਿੱਚ ਉਡਾਉਂਦੇ ਹਨ,
ਓਹ ਬੁੱਲ ਪਸਾਰਦੇ ਅਤੇ ਸਿਰ ਹਿਲਾਉਂਦੇ ਹਨ,
"ਯਹੋਵਾਹ ਗੋਚਰਾ ਹੋ ਜਾ,
ਉਹੋ ਉਸ ਨੂੰ ਛੁਡਾਵੇ,
ਉਹੋ ਉਸ ਨੂੰ ਬਚਾਵੇ ਕਿਉਂ ਜੋ ਉਹ ਉਸ ਤੋਂ ਪਰਸੰਨ ਹੈ"॥
ਪਰ ਤੂੰ ਹੀ ਮੈਨੂੰ ਕੁੱਖੋਂ ਬਾਹਰ ਲਿਆਇਆ,
ਅਤੇ ਮੇਰੀ ਮਾਤਾ ਦੀਆਂ ਦੁੱਧੀਆਂ ਉੱਤੇ ਮੈਨੂੰ ਭਰੋਸਾ ਦਿਲਾਇਆ,
ਜੰਮਦਿਆਂ ਸਾਰ ਮੈਂ ਤੇਰੇ ਹੀ ਉੱਤੇ ਸੁੱਟਿਆ ਗਿਆ।
ਮਾਤਾ ਦੀ ਕੁੱਖ ਤੋਂ ਹੀ ਤੂੰ ਮੇਰਾ ਪਰਮੇਸ਼ਵਰ ਹੈਂ।
ਮੈਥੋਂ ਦੂਰ ਨਾ ਰਹੁ ਕਿਉਂ ਜੋ ਬਿਪਤਾ ਆਨ ਢੁੱਕੀ ਹੈ,
ਅਤੇ ਕੋਈ ਸਹਾਇਕ ਨਹੀਂ।
ਬਹੁਤੇ ਸਾਹਨਾਂ ਨੇ ਮੈਨੂੰ ਘੇਰ ਲਿਆ ਹੈ,
ਬਾਸ਼ਾਨ ਦੇ ਬਲਵੰਤ ਬਲਦਾਂ ਨੇ ਮੈਨੂੰ ਵਲ ਲਿਆ ਹੈ,
ਉਹ ਪਾੜਨ ਅਰ ਗੱਜਣ ਵਾਲੇ ਬੱਬਰ ਸ਼ੇਰ ਵਾਂਙੁ

ਮੇਰੇ ਉੱਤੇ ਮੂੰਹ ਟੱਡਦੇ ਹਨ।
ਮੈਂ ਪਾਣੀ ਵਾਂਙੁ ਡੋਹਲਿਆ ਗਿਆ ਹਾਂ,
ਮੇਰੀਆਂ ਸਾਰੀਆਂ ਹੱਡੀਆਂ ਉਖੱੜ ਗਈਆਂ ਹਨ,
ਮੇਰਾ ਦਿਲ ਮੋਮ ਵਰਗਾ ਹੈ,
ਉਹ ਮੇਰੇ ਅੰਦਰ ਪੰਘਰ ਗਿਆ ਹੈ।
ਮੇਰੀ ਸ਼ਕਤੀ ਠੀਕਰੇ ਵਾਂਙੁ ਸੁੱਕ ਗਈ,
ਅਤੇ ਮੇਰੀ ਜੀਭ ਤਾਲੂ ਨਾਲ ਲਗੱਦੀ ਜਾਂਦੀ ਹੈ,
ਅਤੇ ਤੂੰ ਮੈਨੂੰ ਮੌਤ ਦੀ ਧੂੜ ਵਿੱਚ ਧਰ ਛੱਡਿਆ।
ਕਿਉਂ ਜੋ ਕੱਤਿਆਂ ਨੇ ਮੈਨੂੰ ਘੇਰ ਲਿਆ ਹੈ,
ਕੁਕਰਮੀਆਂ ਦੀ ਟੋਲੀ ਨੇ ਮੈਨੂੰ ਘੇਰਾ ਪਾ ਲਿਆ ਹੈ,
ਉਨ੍ਹਾਂ ਨੇ ਮੇਰੇ ਹੱਥ ਪੈਰ ਵਿੰਨ* ਸੁੱਟੇ ਹਨ,
ਮੈਂ ਆਪਣੀਆਂ ਸਾਰੀਆਂ ਹੱਡੀਆਂ ਗਿਣ ਸਕਦਾ ਹਾਂ,
ਓਹ ਮੈਨੂੰ ਘੂਰ ਘੂਰ ਵੇਖਦੇ ਹਨ।
ਓਹ ਮੇਰੇ ਕੱਪੜੇ ਆਪੋ ਵਿੱਚ ਵੰਡ ਲੈਂਦੇ ਹਨ,
ਅਤੇ ਮੇਰੇ ਲਿਬਾਸ ਉੱਤੇ ਗੁਣਾਂ ਪਾਂਉਦੇ ਹਨ॥
ਪਰ ਤੂੰ ਯਹੋਵਾਹ ਦੂਰ ਨਾ ਰਹੁ,
ਹੇ ਮੇਰੇ ਬਲ, ਮੇਰੀ ਸਹਾਇਤਾ ਲਈ ਛੇਤੀ ਕਰ,
ਮੇਰੀ ਜਾਨ ਨੂੰ ਤਲਵਾਰ ਤੋਂ,
ਅਤੇ ਮੇਰੇ ਜੀਵ* ਨੂੰ ਕੁੱਤੇ ਦੇ ਵੱਸ ਤੋਂ ਛੁੱਡਾ।
ਬੱਬਰ ਸ਼ੇਰ ਦੇ ਮੂੰਹ ਤੋਂ ਮੈਨੂੰ ਬਚਾ,
ਅਤੇ ਜੰਗਲੀ ਸਾਹਨਾਂ ਦੇ ਸਿੰਙਾ ਤੋਂ, -
ਤੈਂ ਮੈਨੂੰ ਉੱਤਰ ਦਿੱਤਾ ਹੈ॥
ਮੈਂ ਆਪਣਿਆਂ ਭਾਈਆਂ ਨੂੰ ਤੇਰਾ ਨਾਮ ਸੁਣਾਵਾਂਗਾ,
ਅਤੇ ਸਭਾ ਵਿੱਚ ਤੇਰੀ ਉਸਤਤ ਕਰਾਂਗਾ।
ਯਹੋਵਾਹ ਤੋਂ ਡਰਨ ਵਾਲਿਉਂ, ਉਹ ਦੀ ਉਸਤਤ ਕਰੋ,
ਯਾਕੂਬ ਦਾ ਸਾਰਾ ਵੰਸ, ਉਹ ਦੀ ਮਹਿਮਾ ਕਰੋ,
ਅਤੇ ਇਸਰਾਏਲ ਦਾ ਸਾਰਾ ਵੰਸ ਉਸ ਤੋਂ ਡਰੋਂ,
ਕਿਉਂ ਜੋ ਉਹ ਨੇ ਦੁਖੀਏ ਦੇ ਦੁਖ ਨੂੰ ਤੁੱਛ ਨਾ
ਜਾਣਿਆ ਨਾ ਉਸ ਤੋਂ ਘਿਣ ਕੀਤੀ,
ਅਤੇ ਨਾ ਉਸ ਤੋਂ ਆਪਣਾ ਮੂੰਹ ਛਿਪਾਇਆ,

ਸਗੋਂ ਜਦ ਉਸ ਨੇ ਉਹ ਦੀ ਦੁਹਾਈ ਦਿੱਤੀ ਤਾਂ ਉਹ
ਨੇ ਸੁਣਿਆ।
ਮਹਾਂਸਭਾ ਵਿੱਚ ਮੇਰਾ ਉਸਤਤ ਕਰਨਾ ਤੇਰੀਂ ਵੱਲੋਂ
ਹੁੰਦਾ ਹੈ,
ਉਸ ਤੋਂ ਡਰਨ ਵਾਲਿਆਂ ਅੱਗੇ ਮੈਂ ਆਪਣੀਆਂ
ਸੁੱਖਣਾਂ ਪੂਰੀਆਂ ਕਰਾਂਗਾ।
ਅਧੀਨ ਖਾਣਗੇ ਅਤੇ ਤ੍ਰਿਪਤ ਹੋਣਗੇ,
ਯਹੋਵਾਹ ਦੇ ਤਾਲਿਬ ਉਸ ਦੀ ਉਸਤਤ ਕਰਨਗੇ,
ਤੁਹਾਡਾ ਮਨ ਸਦਾ ਜੀਉਂਦਾ ਰਹੇ!
ਧਰਤੀ ਦੀਆਂ ਸਾਡੀਆਂ ਕੂੰਟਾਂ ਚੇਤੇ ਕਰਕੇ ਯੋਹਵਾਹ
ਵੱਲ ਫਿਰਨਗੀਆਂ,
ਅਤੇ ਕੌਮਾਂ ਦੇ ਸਾਰੇ ਘਰਾਣੇ ਤੇਰੇ ਅੱਗੇ ਮੱਥਾ
ਟੇਕਣਗੇ,
ਕਿਉਂ ਜੋ ਰਾਜ ਯਹੋਵਾਹ ਦਾ ਹੈ,
ਅਤੇ ਕੌਮਾਂ ਉੱਤੇ ਉਹੋ ਹਾਕਮ ਹੈ।
ਧਰਤੀ ਦੇ ਸਾਰੇ ਮੋਟੇ ਲੋਕ ਖਾਣਗੇ ਅਤੇ ਉਹ ਨੂੰ
ਮੱਥਾ ਟੇਕਣਗੇ,
ਓਹ ਸੱਭੇ ਜੋ ਖ਼ਾਕ ਵਿੱਚ ਉਤਰਦੇ ਹਨ ਉਹ ਦੇ
ਅੱਗੇ ਝੁਕਣਗੇ,
ਅਤੇ ਕੋਈ ਆਪਣੀ ਜਾਨ ਜਿਉਂਦੀ ਨਹੀਂ ਰੱਖ
ਸੱਕਦਾ।
ਇੱਕ ਵੰਸ ਉਹ ਦੀ ਸੇਵਾ ਕਰੇਗਾ,
ਉਹ ਪ੍ਰਭੂ ਦਾ ਪੀੜ੍ਹੀ ਕਰਕੇ ਗਿਣਿਆ ਜਾਏਗਾ।
ਓਹ ਆਉਣਗੇ ਅਤੇ ਉਹ ਦਾ ਧਰਮ
ਜਨਮ ਲੈਣ ਵਾਲੀ ਪਰਜਾ ਨੂੰ ਦੱਸਣਗੇ,
ਭਈ ਉਹ ਨੇ ਹੀ ਇਹ ਕੀਤਾ ਹੈ॥

10. ਪ੍ਰਭੂ ਅਪਣੇ ਬਚਨ ਦੇ ਪੜ੍ਹੇ ਜਾਣ ਤੇ ਆਸ਼ੀਸ਼ ਦੇ। ਮੈਂ ਇਸ ਮੌਕੇ ਤੇ ਇਸ ਸੁਭਾਹ ਪੰਜ ਸ਼ਬਦ ਲੈਂਦਾ ਹਾਂ। ਅਤੇ ਅੱਜ ਸੁਭਾਹ ਇਹਨਾਂ ਪੰਜਾਂ ਸ਼ਬਦਾਂ ਬਾਰੇ ਤੁਹਾਨੂੰ ਜੋ ਭਗਤੀ ਕਰਦੇ ਹੋ, ਮੇਰੇ ਮਨ ਅੰਦਰ ਕੀ ਹੈ ਦੱਸਣ ਦੀ ਕੋਸ਼ਿਸ਼ ਕਰਾਂਗਾ। ਮੈਂ ਇਹ ਪੰਜ ਸ਼ਬਦ ਲੈਂਦਾ ਹਾਂ (ਜੀਉਣਾ, ਮਰਨਾ, ਦਫਨ ਹੋਣਾ, ਜੀ ਉਠਣਾ, ਫੇਰ ਆਉਣਾ)

11. ਅਤੇ ਮੈਂ ਸੋਚਦਾ ਹਾਂ, ਕਵੀ ਨੇ ਜੱਦ ਇਹ ਗੀਤ ਲਿਖਿਆ, ਬਹੁੱਤ ਸੁੱਚਜੇ ਢੰਗ ਨਾਲ ਗੀਤ ਅੰਦਰ ਬਿਆਨ ਕੀਤਾ ਜੋ ਮੈਂ ਦੱਸਣਾ ਚਾਹੁੰਦਾ ਹਾਂ।

**ਜਿਉਂਦੇ ਹੋਏ:-ਉਸ ਨੇ ਮੈਨੂੰ ਪਿਆਰ ਕੀਤਾ,**
**ਮਰ ਕੇ :- ਉਸ ਨੇ ਮੈਨੂੰ ਬਚਾਇਆ ਹੈ,**
**ਦਫਨ ਹੋ ਕੇ:- ਉਸ ਮੇਰੇ ਪਾਪਾਂ ਨੂੰ ਦੂਰ ਹਟਾਇਆ ਹੈ,**
**ਜੀ ਉਠ ਕੇ :-ਉਸ ਨੇ ਮੈਨੂੰ ਹਮੇਸ਼ਾ ਲਈ ਆਜ਼ਾਦ ਕੀਤਾ,**
**ਕਿਸੇ ਦਿਨ :- ਉਹ ਫੇਰ ਆਇਗਾ । ਓਹ, ਸ਼ਾਨਦਾਰ ਦਿਨ ਹੋਵੇਗਾ ।**

12. ਕਦੇ ਕੋਈ ਵੀ ਜੀਵਨ ਯਿਸੂ ਵਰਗਾ ਨਹੀਂ ਹੋਇਆ, ਕਿਉਂ ਕਿ ਜੱਦ ਉਸ ਜਨਮ ਲਿਆ ਸੀ ਉਹ ਖੁੱਦਾ ਬਦਨ ਵਿੱਚ ਦੇਹ ਧਾਰੀ ਹੋਇਆ ਸੀ। ਉਹ ਪਿਤਾ ਖੁਦਾ ਦਾ ਸ਼ਪਸਟੀਕਰਨ ਸੀ ਕਿ ਉਹ ਕੌਣ ਹੈ। ਅਤੇ ਖੁੱਦਾ ਪ੍ਰੇਮ ਹੈ, ਤਾਂ ਯਿਸੂ ਪਿਆਰ ਦਾ ਪੂਰਨ ਪਰਗਟਾਵਾ ਸੀ। ਉਹ ਪਹਿਲੇ ਸਮੇਂ ਤੋਂ ਹੀ ਪ੍ਰੇਮ ਸੀ ਜੱਦ ਉਸ ਦੇ ਛੋਟੇ-ਛੋਟੇ ਹੱਥ ਅਪਣੀ ਮਾਂ ਦੀਆਂ ਗੱਲਾਂ ਨੂੰ ਥੱਪਥਪਾਉਂਦੇ ਸਨ, ਓਹ ਪ੍ਰੇਮ ਸੀ।

13. ਮੈਂ ਸੋਚਦਾ ਹਾਂ ਅੱਜ ਲੋਕ ਉਸ ਨੂੰ ਪਛਾਣਨ ਵਿੱਚ ਗਲਤੀ ਕਰ ਜਾਂਦੇ ਹਨ ਕਿ ਉਹ ਪ੍ਰੇਮ ਸੀ। ਪਰਮੇਸ਼ਵਰ ਪ੍ਰੇਮ ਹੈ ਅਤੇ ਜੋ ਉਸ ਨਾਲ ਪ੍ਰੇਮ ਕਰਦੇ ਹਨ ਉਹ ਖੁੱਦਾ ਤੋਂ ਜਨਮੇਂ ਹਨ।

14. "ਖੁੱਦਾ ਨੇ ਸੰਸਾਰ ਨਾਲ ਅਜਿਹਾ ਪਿਆਰ ਕੀਤਾ ਜੋ ਪ੍ਰੇਮ ਦੇ ਯੋਗ ਹੀ ਨਾ ਸੀ, ਉਸ ਨੇ ਅਪਣਾ ਇੱਕਲੋਤਾ ਪੁੱਤ੍ਰ ਦੇ ਦਿੱਤਾ ਤਾਂ ਜੋ ਕੋਈ ਵੀ ਉਸ ਤੇ ਨਿਹਚਾ ਲਿਆਏ ਨਾਸ਼ ਨਾ ਹੋਵੇ ਪਰ ਸਦੀਪਕ ਜੀਵਨ ਪਾਏ"।

15. ਜਦੋਂ ਉਹ ਧਰਤੀ ਉੱਤੇ ਸੀ ਉਸ ਨੇ ਅਪਣੇ ਪ੍ਰੇਮ ਨੂੰ ਵੱਖ ਵੱਖ ਢੰਗਾਂ ਨਾਲ ਪਰਗਟ ਕੀਤਾ ਸੀ, ਅਤੇ ਇਸ ਸੱਚਾਈ ਤੇ ਕੋਈ ਬਹਿਸ ਨਹੀਂ ਹੈ ਕਿ ਉਹੀ ਬੇਹਦ ਪ੍ਰੇਮ ਕੀਤਿਆ ਪਾਣੇ ਸੀ ਜੋ ਕਦੇ ਪਾਇਆ ਗਿਆ ਹੋਵੇ, ਅਤੇ ਮੈਂ ਸੋਚਦਾ ਹਾਂ ਏਥੇ ਉਹਿ ਦਾ ਜੀਵਨ - ਖੁੱਦਾ ਪਰਗਟ ਕੀਤਾ ਗਿਆ ਸੀ। ਅਤੇ ਖੁੱਦਾ ਨੂੰ ਲੋਕਾਂ ਦੇ ਪਰਗਟ ਕਰਨ ਦੇ ਵਿੱਚ ਪ੍ਰੇਮ ਦਾ ਰਾਹ ਹੈ।

16. ਜੱਦ ਉਸ ਨੇ ਅਪਣੇ ਦਿਨਾਂ ਅੰਦਰ ਇੱਕ ਬਹੁੱਤ ਭੈੜੀ ਔਰਤ ਨੂੰ ਪਾਇਆ ਤਾਂ ਉਸ ਨੇ ਬਹੁੱਤ ਵਧੀਆ ਵਿਹਾਰ ਕੀਤਾ ਉਹਨਾਂ ਉਸ ਨੂੰ ਦੋਸਣ ਪਾਇਆ ਸੀ ਅਤੇ ਸ਼ਾਇਦ ਬਚਾਓ ਦਾ ਤਾਂ ਰਾਹ ਹੈ ਨਹੀਂ ਸੀ, ਜਦੋਂ ਕਿ ਉਹ ਜਨਾਹਕਾਰੀ ਦੇ ਦੋਸ ਅੰਦਰ ਪਾਈ ਗਈ ਸੀ ਅਤੇ ਉਹ ਉਸ ਨੂੰ ਉਸ ਸਾਹਮਣੇ ਖਿੱਚ ਲਿਆਏ, ਅਤੇ ਕਹਿਣ ਲਗੇ, " ਤੂੰ ਅਜਿਹੀ ਔਰਤ ਬਾਰੇ ਕੀ ਆਖਦਾ ਹਾਂ, ਉਸ ਨਾਲ ਕੀ ਕੀਤਾ ਜਾਏ?"

17. ਅਤੇ ਤੱਦ ਉਸ ਔਰਤ ਵੱਲ ਮੁੜਕੇ ਉਸ ਨੂੰ ਕਿਹਾ, ਮੈਂ ਤੇਰੇ ਤੇ ਦੋਸ਼ ਨਹੀਂ ਲਉਂਦਾ ਚਲੀ ਜਾ ਅਤੇ ਫੇਰ ਪਾਪ ਨਾ ਕਰਨਾ। ਇਸ ਦੀ ਬਜਾਏ ਕਿ ਉਸ

ਨੂੰ ਪਥਰਾਓ ਹੋਣ ਲਈ ਗਲੀ ਵਿੱਚ ਰਹਿਣ ਦੇਂਦਾ, ਕਿ ਭੇੜੀਆਂ ਵਾਂਗ ਉਹ ਝੁੰਡ ਉਸ ਤੇ ਹਮਲਾ ਕਰਕੇ ਪਥਰਾਉ ਕਰਦਾ ਅਤੇ ਉਸ ਦਾ ਜੀਵਨ ਖਤਮ ਕਰ ਦੇਂਦਾ:।ਉਸ ਦਾ ਪਿਆਰਾ ਨਰਮ ਦਯਾ ਵਾਲਾ ਹਿਰਦਾ, ਜਿਨ੍ਹਾਂ ਪਾਪਾਂ ਅੰਦਰ ਓਹ ਪਾਈ ਜਾਂਦੀ ਸੀ ਓਹਨਾਂ ਵੱਲ ਗਹਰੇ ਢੰਗ ਨਾਲ ਡੁੱਬ ਗਿਆ, ਅਤੇ ਬੋਲਿਆ, " ਮੈਂ ਵੀ ਤੇਰੇ ਉਤੇ ਦੋਸ ਨਹੀਂ ਲਉਂਦਾ, ਚਲੀ ਜਾ ਅਤੇ ਫੇਰ ਪਾਪ ਨਾ ਕਰੀ।"

18. ਅਤੇ ਜੱਦ ਉਹ ਲਾਜਰ ਦੀ ਕਬਰ ਪਾਸੇ ਗਿਆ ਸੀ, ਮੈਂ ਸੋਚਦਾ ਕਿ ਇਹ ਕੋਈ ਸਮਾਂ ਸੀ ਜਿਥੇ ਉਸ ਨੇ ਪਰਗਟ ਕਰ ਵਿਖਾਇਆ ਕਿ ਖ਼ੁੱਦਾ ਸਾਰੀ ਮਨੁੱਖ ਜਾਤੀ ਲਈ ਕੀ ਹੈ। ਨਾ ਹੀ ਉਹ ਇੱਕ ਖ਼ੁੱਦਾ ਹੈ ਜੋ ਕੀਤੇ ਜਾਣ ਸਕਣ ਵਾਲੇ ਵੱਡੇ ਪਾਪ ਨੂੰ ਅਪਣੇ ਮਾਫ ਕਰਨ ਵਾਲੇ ਪਿਆਰ ਨਾਲ ਦੋਸੀ ਨੂੰ ਨਿਰਦੋਸ ਬਣਾ ਸੱਕਦਾ ਹੈ, ਪਰ ਜਦੋਂ ਮੌਤ ਸਾਨੂੰ ਖਾਮੋਸ਼ ਕਰਕੇ ਸੁਲਾ ਦੇਂਦੀ ਹੈ, ਤਾਂ ਵੀ ਉਹ ਸਾਡਾ ਧਿਆਨ ਰੱਖਦਾ ਹੈ। ਮੈਂ ਸੋਚਦਾ ਹਾਂ ਉਸ ਨੇ ਰਾਹ ਤੇ ਜਾਂਦੇ ਹੋਏ ਮਰੀਅਮ ਅਤੇ ਮਾਰਥਾ ਤੇ ਚੰਗੀ ਤਰ੍ਹਾਂ ਪਰਗਟ ਕੀਤਾ ਸੀ, ਜੱਦ ਉਹ ਉਸ ਘਰ ਅੰਦਰ ਪਹੁੰਚਿਆ ਜਿਥੇ ਮੌਤ ਨੇ ਇਸ ਪ੍ਰੇਮੀ ਪੁਰਸ ਦਾ ਜੀਵਨ ਬੰਧਨ ਵਿੱਚ ਲੈ ਲਿਆ ਸੀ। ਅਤੇ ਕਬਰ ਵੱਲ ਰਾਹ ਤੇ ਜਾਂਦੇ ਹੋਏ ਵੀ ਉਹ ਖੁਦਾ ਹੁੰਦੇ ਹੋਏ ਜਾਣਦਾ ਸੀ ਕਿ ਉਹ ਮੁਰਦਾ ਹੁੰਦੇ ਹੋਏ ਵੀ ਉਸ ਨੂੰ ਜਿੰਦਾ ਕਰੇਗਾ, ਉਹ ਜਾਣਦਾ ਸੀ ਕਿ ਖ਼ੁੱਦਾ ਨੇ ਉਸ ਨੂੰ ਕਿਹਾ ਹੈ ਕਿ ਉਸ ਦੇ ਬਚਨ ਅੰਦਰ ਹੀ ਉਸ ਨੂੰ ਕਬਰ ਵਿੱਚੋਂ ਜਿੰਦਾ ਕਰਨ ਵਾਲੀ ਸ਼ਕਤੀ ਸੀ। ਅਤੇ ਜੱਦ ਉਸ ਵੇਖਿਆ ਕਿ ਮਰੀਅਮ ਅਤੇ ਮਾਰਥਾ ਅਤੇ ਜੋ ਉਸ ਨਾਲ ਹਿਤ ਰਖਦੇ ਸਨ ਰੋਂਦੇ ਨੇ, ਅਤੇ ਬਾਈਬਲ ਨੇ ਦਸਿਆ ਉਹ ਰੋਇਆ। ਏਹ ਕੀ ਸੀ, ਉਹ ਦਾ ਪ੍ਰੇਮ ਭਰਿਆ ਮਹਾਨ ਹਿਰਦਾ ਸੀ! ਜੱਦ ਉਸ ਵੇਖਿਆ ਕਿ ਉਸ ਦੇ ਮਿੱਤ੍ਰ-ਇਹ ਪੁਰਸ ਦੁਖੀ ਹਨ, ਉਹ ਵੀ ਉਹਨਾਂ ਨਾਲ ਦੁੱਖੀ ਹੋ ਗਿਆ।

19. ਇਸ ਲਈ ਮੈਨੂੰ ਜਾਣ ਕੇ ਵੱਡੀ ਖੁਸ਼ੀ ਹੈ ਕਿ ਉਹ ਟੁੱਟੇ ਦਿਲ ਅੰਦਰ ਪਾਇਆ ਜਾਂਦਾ ਹੈ। ਅਤੇ ਸਾਡੇ ਦੁੱਖਾਂ ਅੰਦਰ, ਉਹੀ ਇੱਕਲਾ ਹੈ ਜੋ ਸਾਨੂੰ ਛੱਡੇਗਾ ਨਹੀਂ। ਜਦੋਂ ਸਭ ਫੇਲ੍ਹ ਹੋ ਜਾਂਦੇ ਹਨ ਅਤੇ ਧਰਤੀ ਉਪਰਲੀ ਸਾਰੀ ਆਸ ਜਾਂਦੀ ਰਹਿੰਦੀ ਹੈ ਅਤੇ ਪੂਰੀ ਖਤਮ ਹੋ ਜਾਂਦੀ, ਉਹ ਸਾਡੇ ਸੰਗ ਖੜਾ ਰਹਿੰਦਾ ਹੈ, ਓਹ ਤਾਂ ਵੀ ਖ਼ੁੱਦਾ ਹੈ ਅਤੇ ਸਾਨੂੰ ਪਿਆਰ ਕਰਦਾ ਹੈ, ਉਹ ਖੁਦਾ ਦਾ ਪਰਗਟੀਕਰਨ ਸੀ।

20. ਓਹ ਮੈਂ ਨਿਹਚਾ ਕਰਦਾ ਹਾਂ ਕਿ ਉਹ ਚਾਹੁੰਦਾ ਹੈ ਕਿ ਉਸ ਦੇ ਲੋਕ ਉਸ ਦੇ ਪਵਿੱਤਰ ਆਤਮਾ ਨਾਲ ਇਸ ਤਰ੍ਹਾਂ ਮਸੱਹ ਹੋਣ, ਕਿ ਅਸੀਂ ਕਸਟਾਂ ਅਤੇ ਪਰਤਾਵਿਆਂ ਵਿੱਚ ਇੱਕ ਦੂਜੇ ਦੇ ਕੰਮ ਆ ਸਕੀਏ, ਅਤੇ ਅਪਣੇ ਅੰਦਰੋਂ ਉਸ ਦੀ ਦਯਾ ਨੂੰ ਵਰਤੀਏ, ਜਿਸ ਤਰ੍ਹਾਂ ਕਿ ਸਾਡੇ ਦਿਲਾਂ ਵਿਚੋਂ ਜੋ ਉਸ ਦੇ ਆਤਮਾ ਤੋਂ ਪੈਦਾ ਹੋਏ ਹਨ, ਡੋਹਲੀ ਜਾਂਦੀ ਹੈ, ਤਾਂ ਕਿ ਜਿਉਂਦੇ ਖ਼ੁੱਦਾ ਦੇ ਪ੍ਰੇਮ ਨੂੰ ਕਲੀਸੀਯਾ ਵਿੱਚ ਫੈਲਾਈਏ।

ਜੋ ਉਸ ਆਖਿਆ ਵਧੀਆਂ ਕਰ ਵਿਖਾਇਆ, ਯਾ ਕਵੀ ਨੇ ਆਖਿਆ,
ਜੀਉਂਦੇ, ਉਸ ਮੈਨੂੰ ਪਿਆਰ ਕੀਤਾ।

21. ਖੁੱਦਾ ਨੇ ਖੁੱਦ ਯਿਸੂ ਮਸੀਹ ਵਿੱਚ ਹੋ ਕੇ ਪ੍ਰਤਿਨਿਧਤਾ ਕੀਤੀ, ਕਿ ਜੋ ਕੁਝ ਵੀ ਉਸ ਸਾਰੀ ਮਨੁੱਖ ਜਾਤੀ ਨਾਲ ਕੀਤਾ, ਉਹੀ ਕਰ ਵਿਖਾਇਆ। ਉਸ ਨੇ ਅਪਣੇ ਵਿਚਾਰ ਮਨੁੱਖ ਜਾਤੀ ਤੇ ਪੇਸ਼ ਕੀਤੇ, ਕਿ ਉਹਨਾਂ ਨੂੰ ਮਾਫ ਕਰਕੇ ਪ੍ਰੇਮ ਕਰੇ ਜੋ ਇਸ ਯੋਗ ਹੀ ਨਹੀਂ ਸਨ। ਅਤੇ ਮੈਂ ਹੈਰਾਨ ਹਾਂ ਇਸ ਈਸਟਰ ਦੀ ਸੁਭਾਹ ਸਾਡੇ ਅੰਦਰ ਕੇਡਾ ਘਾਟਾ ਹੈ। ਅਸੀਂ ਉਹਨਾਂ ਨਾਲ ਪ੍ਰੇਮ ਕਰਦੇ ਹਾਂ ਜੋ ਸਾਡੇ ਨਾਲ ਕਰਦੇ ਹਨ, ਪਰ ਉਸ ਨੇ ਉਹਨਾਂ ਨਾਲ ਪ੍ਰੇਮ ਕੀਤਾ ਜੋ ਉਸ ਨੂੰ ਪ੍ਰੇਮ ਨਹੀਂ ਕਰਦੇ।

22. ਉਹ ਪ੍ਰੇਮ ਦਾ ਪਹਿਲਾ ਮਹਾਨ ਪ੍ਰਤਿਨਿਧਤ ਸੀ ਜੋ ਧਰਤੀ ਤੇ ਆਇਆ; ਅਤੇ ਜੋ ਧਰਤੀ ਤੇ ਰਹਿ ਰਹੇ ਸਨ ਜਿਨਹਾਂ ਨੂੰ ਉਸ ਨੇ ਪ੍ਰੇਮ ਕੀਤਾ ਉਹਨਾਂ ਤੋਂ ਹੀ ਤੁੱਛ ਜਾਣਿਆ ਗਿਆ। ਕੋਈ ਮਨੁੱਖ ਉਸ ਵਰਗਾ ਪ੍ਰੇਮ ਨਹੀਂ ਕਰ ਸਕਿਆ, ਅਤੇ ਨਾ ਹੀ ਕਿਸੇ ਮਨੁੱਖ ਨਾਲ ਉਸ ਵਾਂਙੁ ਏਨੀ ਨਫਰਤ ਕੀਤੀ ਗਈ। ਉਹਨਾਂ ਉਸ ਨਾਲ ਨਫਰਤ ਕੀਤੀ ਅਤੇ ਉਸ ਨੂੰ ਤੁੱਛ ਜਾਣਿਆ, ਅਤੇ ਉਸ ਨੂੰ ਰੱਦ ਦਿਤਾ, ਪਰ ਇਸ ਨਾਲ ਉਸ ਦਾ ਪ੍ਰੇਮ ਰੁਕਿਆ ਨਹੀ। ਆਖਰ ਤੇ ਜੱਦ ਉਹ ਸਲੀਬ ਤੇ ਲਟਕ ਰਿਹਾ ਸੀ, ਆਖਰਕਾਰ ਜੋ ਜੀਵਨ ਉਸ ਨੇ ਬਿਤਾਇਆ ਸੀ ਚੰਗਿਆ ਕੌਮਾਂ ਤੋ ਬਿਨਾਂ ਹੋਰ ਕੁਝ ਨਾ ਕੀਤਾ ਸੀ, ਦੋਸੀਆਂ ਨੂੰ ਮਾਫੀ ਦੇਣਾ, ਰੋਗੀਆਂ ਨੂੰ ਚੰਗਾਂ ਕਰਨਾ ਕੇਵਲ ਚੰਗੇ ਹੀ ਕੰਮ ਕੀਤੇ ਸਨ। ਜੱਦ ਉਸ ਅੰਦਰ.... ਸਲੀਬ ਤੇ ਆਖਰੀ ਦਮ ਸਨ, ਜੋ ਨੇੜੇ ਖੜੇ ਸਨ ਉਸ ਤੇ ਥੁੱਕ ਕੇ ਉਸ ਦਾ ਮਖੋਲ ਉਡਾ ਰਹੇ ਸਨ। ਅਤੇ ਟੰਗੇ ਹੋਏ ਹੀ ਅਪਣੇ ਪਵਿੱਤਰ ਮੂੰਹ ਤੋਂ ਪਿਆਰ ਭਰੇ ਹਿਰਦੇ ਤੋਂ ਉਸ ਨੇ ਚਿਲਾ ਕੇ ਕਿਹਾ, " ਪਿਤਾ ਉਹਨਾਂ ਨੂੰ ਮਾਫ ਕਰ ਦਿਉ ਜੋ ਉਹ ਨਹੀ ਜਾਣਦੇ ਕਿ ਉਹ ਕੀ ਕਰਦੇ ਹਨ।"

23. ਖੁੱਦਾ ਹੋਣ ਕਰਕੇ ਉਹ ਸਮਝਦਾ ਸੀ, ਉਹ ਜਾਣ ਸੱਕਦਾ ਸੀ, ਇਹੀ ਕਾਰਨ ਹੈ ਜੱਦ ਕੇ ਅਸੀ ਪ੍ਰੇਮ ਕਰਨ ਦੇ ਯੋਗ ਹੀ ਨਹੀ; ਉਹ ਸਾਨੂੰ ਪਿਆਰ ਕਰਦਾ ਹੈ, ਕਾਰਨ ਇਹੀ ਹੈ, ਉਹ ਖੁਦਾ ਹੋਣ ਕਾਰਨ ਸਮਝਦਾ ਹੈ। "ਜਿਉਂਦੇ ਜੀ ਉਸ ਨੇ ਮੈਨੂੰ ਪ੍ਰੇਮ ਕੀਤਾ," ਉਸ ਵਰਗਾ ਜੀਵਨ ਕਦੇ ਕਿਸੇ ਨੇ ਨਹੀਂ ਗੁਜਾਰਿਆ ਕਿਉਂ ਜੋ ਪਿਆਰ ਪਰਦੇ ਅੰਦਰ ਲਵੇਟਿਆ ਹੋਇਆ ਸੀ।

**ਮਰਕੇ ਉਸ ਨੇ ਮੈਨੂੰ ਬਚਾਇਆ ।**

24. ਇੱਕ ਮੌਤ - ਅਦਨ ਦੇ ਬਾਗ ਅੰਦਰ ਜੱਦ ਯਹੋਵਾਹ ਖੁੱਦਾ ਨੇ ਪਾਪ ਦੀ ਮਜਦੂਰੀ ਮੌਤ ਦੀ ਸਜ਼ਾ ਦੇਣੀ ਸੀ, ਅਤੇ ਇਸ ਅੰਦਰ ਕੋਈ ਤਬਦੀਲੀ

ਨਹੀ ਹੋ ਸਕਦੀ ਸੀ। ਕਿਉਂ ਜੋ ਖੁਦਾ ਸਭ ਤੋਂ ਉੱਪਰ ਹੈ ਇਸ ਤੋਂ ਬਿਨਾਂ ਹੋਰ ਕੋਈ ਰਾਹ ਨਹੀ ਸੀ, ਅਤੇ ਉਹ ਆਨੰਤ ਹੈ, ਧਰਤੀ ਅਤੇ ਆਕਾਸ਼ ਦਾ ਨਿਆਈ ਹੈ। ਪਾਪ ਦੀ ਸਜ਼ਾ ਮੌਤ ਹੈ, ਅਤੇ ਕੋਈ ਇੱਕ ਵੀ ਨਹੀਂ ਹੈ ਜੋ ਦੂਸਰੇ ਦੇ ਥਾਂ ਤੇ ਇਹ ਸਜਾ ਭੁਗਤੇ। ਕਿਉਂਕਿ ਭਾਵੇਂ ਕੋਈ ਮਨੁੱਖ ਦੂਸਰੇ ਲਈ ਜਾਨ ਦੇ ਵੀ ਦੇਵੇਂ, ਤਾਂ ਵੀ ਉਹ ਸ਼ੁਰੂ ਵਿੱਚ ਤਾਂ ਪਾਪੀ ਹੀ ਹੈ। ਸਾਡੇ ਵਿੱਚੋਂ ਕੋਈ ਇੱਕ ਵੀ ਦੂਸਰੇ ਦੀ ਸਹਾਇਤਾ ਨਹੀਂ ਕਰ ਸਕਦਾ ਸੀ, ਕਿਉਂ ਜੋ ਅਸੀ ਸਭੇ ਦੋਸੀ ਸਾਂ, "ਅਸੀਂ ਪਾਪ ਨਾਲ ਜੰਮੇ ਹਾਂ, ਬਦੀ ਵਿੱਚ ਸ਼ਕੱਲ ਲਈ, ਅਤੇ ਸੰਸਾਰ ਅੰਦਰ ਝੂੱਠ ਬੋਲਦੇ ਆਏ ਹਾਂ।" ਅਤੇ ਉਮੀਦ ਦੀ ਇੱਕ ਕਿਰਨ ਵੀ ਕਿਤੇ ਨਾ ਸੀ, ਖੁੱਦਾ ਨੇ ਸਾਡੇ ਤੇ ਮੌਤ ਦੀ ਸਜਾ ਸੁਣਾਈ ਹੋਈ ਸੀ, ਅਤੇ ਧਰਤੀ ਤੇ ਰਹਿਣ ਵਾਲਾ ਕੋਈ ਵੀ ਪ੍ਰਾਣੀ ਜੋ ਧਰਤੀ ਤੇ ਰਿਹਾ ਹੋਏ ਸਜ਼ਾ ਦੇ ਹੇਠ ਸੀ। ਧਰਮੀ ਮਨੁੱਖ ਜਨਮ ਲੈ ਕੇ ਮਹਾਨ ਕੰਮ ਕਰ ਸਕਦੇ ਸਨ,ਪਰ ਜਨਮ ਤੋਂ ਹੀ ਉਹ ਪਾਪੀ ਸਨ।

25. ਇਸ ਸਜ਼ਾ ਨੂੰ ਚੁੱਕਣ ਦਾ ਬਸ ਇੱਕ ਹੀ ਤਰੀਕਾ ਸੀ ਕਿ``ਖੁੱਦਾ ਖੁੱਦ ਮਰੇ। ਇਸ ਲਈ ਕਿਉਂ ਜੋ ਖੁੱਦਾ ਇੱਕ ਆਤਮਾ ਹੈ ਅਤੇ ਮਰ ਨਹੀਂ ਸਕੱਦਾ, ਉਹ ਇੱਕ ਮਾਸ ਦਾ ਬਦਨ ਲੈਕੇ ਹੇਠਾਂ ਆਇਆ ਅਤੇ ਇੱਕ ਪ੍ਰੇਮੀ ਜੀਵਨ ਅੰਦਰ ਆਪ ਨੂੰ ਉਸ ਨੇ ਖੁਦ ਪਰਗਟਾਇਆ। ਕਿ ਉਹ ਆਪਣੀਆਂ ਸਾਰੀਆਂ ਭਲਿਆਈਆਂ ਸਣੇ, ਅਪਣੀ ਹੀ ਇਛਿਆ ਨਾਲ ਮਹਾਨ ਕੁਰਬਾਨੀ ਦੇਵੇ, ਅਤੇ ਦੋਸੀਆਂ ਦੇ ਦੋਸ਼ ਅਪਣੇ ਉਤੇ ਲੈ ਸਕੇ। ਅਸੀ ਸਭੇ ਪਾਪੀ ਹਾਂ ਅਤੇ ਸੰਸਾਰ ਅੰਦਰ ਸਾਡੇ ਬਚਾਏ ਜਾਣ ਦਾ ਰਾਹ ਹੈ ਨਹੀ, ਉਹ ਧਰਤੀ ਤੇ ਸਿਰਫ਼ ਆਪ ਨੂੰ ਵਿਖਾਉਣ ਲਈ ਹੀ ਨਹੀ ਆਇਆ ਸੀ ਪਰ ਉਹ ਕੁਰਬਾਨੀ ਦੇਣ ਲਈ ਮਰਨ ਨੂੰ ਆਇਆ।

26. ਹਾਬਲ ਨੇ ਦਰਸਾਇਆ ਸੀ ਜੱਦ ਉਸ ਨੇ ਖੁੱਦਾ ਨੂੰ ਕਾਇਨ ਨਾਲੋਂ ਸੁਚੱਜੀ ਵਧੀਆ ਕੁਰਬਾਨੀ ਚੜਾਈ, ਜੱਦ ਉਸ ਨੇ ਇੱਕ ਛੋਟੇ ਮੇਮਨੇ ਦੀ ਗਰਦਨ ਦੁਆਲੇ ਅੰਗੂਰਾਂ ਦੀ ਵੇਲ ਵਲੇਟ ਕੇ ਚਟਾਨ ਕੋਲ ਲੈ ਆਇਆ ਉਸ ਨੇ ਛੋਟੇ ਬੱਚੇ ਨੂੰ ਚਟਾਨ ਤੇ ਲਿਟਾ ਕੇ ਉਸ ਦੀ ਠੋਡੀ ਪ੍ਰਾਸਾਂਹ ਨੂੰ ਚੁੱਕੀ, ਅਤੇ ਛੋਟੇ ਪੱਥਰ ਦੇ ਨਾਲ ਉਹ ਦਾ ਛੋਟਾ ਗਲ੍ਹਾ ਕੱਟ ਦਿਤਾ, ਅਤੇ ਉਹ ਦਾ ਲਹੂ ਵਗਣ ਲੱਗ ਪਿਆ ਅਤੇ ਤੜਫ ਤੜਫ ਕੇ ਮਰਨ ਲੱਗਾ ਅਤੇ ਉਸ ਦੇ ਛੋਟੇ ਸਿਰਦੇ ਵਾਲ ਲਹੂ ਨਾਲ ਲਿਬੱੜ ਗਏ।ਹਾਬਲ ਨੇ ਉਥੇ ਕਲਵਰੀ ਨੂੰ ਦਰਸਾਇਆ।

27. ਜੱਦ ਉਹ ਖੁੱਦਾ ਦਾ ਮੇਮਨਾ ਜੋ ਧਰਤੀ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਕੁਰਬਾਨ ਹੋ ਚੁੱਕਾ ਸੀ, ਦੋਸੀ ਪਾਪੀਆਂ ਦੀ ਥਾਂ ਲੈਣ ਨੂੰ ਆਇਆ ਤਾਂ ਉਹ ਮਾਰਿਆ-ਕੁਚਲਿਆ ਅਤੇ ਉਸ ਨੂੰ ਮਜ਼ਾਕ ਠੱਠਾ ਕੀਤਾ ਗਿਆ ਅਤੇ

ਅਜਿਹੀ ਮੌਤ ਮਰਿਆ ਜੋ ਖ਼ੁੱਦਾ ਤੋਂ ਬਿਨਾਂ ਖ਼ੁੱਦ ਹੋਰ ਕੋਈ ਪ੍ਰਾਣੀ ਨਹੀਂ ਮਰ ਸੱਕਦਾ ਅਤੇ ਉਸ ਦੀਆਂ ਲਹੂ ਨਾਲ ਭਰੀਆਂ ਜ਼ੁਲਫਾਂ,ਮੋਢਿਆਂ ਵਲੋਂ ਜਮੀਨ ਤੇ ਲਹੂ ਦੀਆਂ ਬੂੰਦਾਂ ਟੱਪਕਾਉਦੀਆਂ ਦਰਸਉਦੀਆਂ ਨੇ ਕਿ ਪਾਪ ਕੇਡੀ ਭਿਆਨਕ ਚੀਜ਼ ਹੈ, ਜੱਦ ਉਸ ਮਨੁੱਖ ਨੂੰ ਪਾਪ ਵਾਲੇ ਜੀਵਨ ਤੋਂ ਛਡਾਉਣ ਲਈ ਮਰਨਾ ਸੀ। ਉਸ ਤਰ੍ਹਾਂ ਕੋਈ ਮਰ ਨਹੀਂ ਸਕਦਾ ਸੀ, ਉਸ ਮੌਤ ਸਾਹਮਨੇ ਕੋਈ ਠਹਿਰ ਨਹੀਂ ਸੱਕਦਾ ਸੀ। ਇਸ ਪਰਕਾਰ ਆਖਿਆ ਗਿਆ ਹੈ, " ਜੱਦ ਉਹਨਾਂ ਉਸ ਦੀ ਵੱਖੀ ਛੇਦੀ ਤਾਂ ਜਲ ਅਤੇ ਲਹੂ ਦੀ ਧਾਰ ਵਗੀ।"

28. ਕੁਝ ਸਮਾਂ ਪਹਿਲਾਂ ਦੀ ਗੱਲ ਹੈ ਮੈਂ ਕਿਸੇ ਇੱਕ ਨਾਲ ਇਸ ਬਾਰੇ ਗੱਲ ਕਰ ਰਿਹਾ ਸਾਂ, ਉਹ ਸੀ ਇੱਕ ਸਾਈਂ ਸਦਾਨ ਉਸ ਕਿਹਾ,' ਸਿਰਫ਼ ਇੱਕੋ ਇੱਕ ਕਾਰਨ ਹੋਣ ਦਾ ਹੋ ਸਕੱਦਾ ਹੈ। ਅਤੇ ਇਹ ਰੋਮ ਦੇ ਨੇਜੇ ਕਾਰਨ ਨਹੀਂ ਹੋਇਆ, ਨਾ ਹੀ ਉਹ ਲਹੂ ਦੇ ਘੱਟ ਹੋਣ ਕਾਰਨ ਮਰਿਆ ਕਿਉਂ ਜੋ ਉਸ ਵੇਲੇ ਵੀ ਉਸ ਦੇ ਬਦਨ ਵਿੱਚ ਲਹੂ ਹੈ ਸੀ। ਉਹ ਕਾਹਦੇ ਲਈ ਮਰਿਆ ਰੋਮ ਦੇ ਨੇਜੇ ਨੇ ਉਸ ਨੂੰ ਨਹੀ ਮਾਰਿਆ ਨਾ ਹੀ ਹੱਥਾਂ ਵਿੱਚ ਧਸਾਏ ਗਏ ਕਿੱਲਾ ਨਾਲ ਨਾ ਹੀ ਉਸ ਦੇ ਸਿਰ ਤੇ ਧਰ ਕੇ ਧਸਾਏ ਗਏ ਕੰਡਿਆ ਦੇ ਤਾਜ ਨਾਲ ਮਰਿਆ। ਪਰ ਕਾਰਨ ..... ਦੁੱਖ ਨੇ ਉਸ ਨੂੰ ਮਾਰਿਆ ਕਿਉਂ ਜੋ ਉਹ ਆਪਣਿਆਂ ਨੂੰ ਛੁਟਕਾਰਾ ਦੇਣ ਆਇਆ ਸੀ ਪਰ ਉਸ ਦੇ ਆਪਣਿਆਂ ਨੇ ਉਸ ਨੂੰ ਕਬੂਲ ਨਾ ਕੀਤਾ, ਉਹ ਟੁੱਟੇ ਦਿਲ ਨਾਲ ਮਰਿਆ ਸੀ। ਜਦੋਂ ਕਿ ਉਹ ਜਾਣਦਾ ਸੀ ਕਿ ਉਸ ਵੇਲੇ ਦੇ ਪ੍ਰਾਣੀਆਂ ਨੂੰ ਛਡਾਉਨ ਲਈ ਉਹ ਮਰੇਗਾ, ਉਹਨਾਂ ਉਸ ਤੇ ਥੁੱਕਿਆ ਅਤੇ ਮਨੁੱਖ ਤੋਂ ਰੱਦਿਆ ਗਿਆ।"

29. ਦਾਊਦ ਅੱਠ ਸੌ ਸਾਲ ਪਹਿਲਾਂ ਉਸੇ ਤਰ੍ਹਾਂ ਜਿਸ ਪਰਕਾਰ ਉਹ ਕਲਵਰੀ ਤੇ ਚਿਲਾਇਆ ਸੀ, ਪੁਕਾਰ ਉਠਿਆ ਸੀ, " ਮੇਰੇ ਖ਼ੁੱਦਾ ਤੂੰ ਮੈਨੂੰ ਕਿਉਂ ਛੱਡ ਦਿੱਤਾ ਹੈ?"

30. ਪਾਪ ਦਾ ਕੰਮ ਕੇਡਾ ਖਤਰਨਾਕ ਹੁੰਦਾ ਹੈ, ਉਹ ਮਨੁੱਖ ਨੂੰ ਖ਼ੁੱਦਾ ਤੋਂ ਵੱਖ ਕਰ ਦੇਂਦਾ ਹੈ! ਉਹ ਪਾਪ ਬਲੀ ਬਣ ਗਿਆ ਸੀ ਜੋ ਸਾਡੇ ਪਾਪਾਂ ਲਈ ਦਿੱਤੀ ਜਾਣੀ ਸੀ, ਉਹ ਖ਼ੁੱਦਾ ਦੀ ਹਜ਼ੂਰੀ ਤੋਂ ਅਲਗ ਕਰ ਦਿੱਤਾ ਗਿਆ ਸੀ, ਪਾਪ ਨੇ ਉਹ ਨੂੰ ਅਲੱਗ ਕੀਤਾ ਸੀ। ਖ਼ੁੱਦਾ ਨੇ ਸਾਡੇ ਪਾਪ ਉਸ ਤੇ ਪਾ ਦਿੱਤੇ ਅਤੇ ਉਹ ਖ਼ੁੱਦਾ ਤੋਂ ਵੱਖ ਕੀਤਾ ਗਿਆ ਸੀ, ਅਤੇ ਇਹੀ ਕਾਰਨ ਹੈ, ਉਹ ਚਿਲਾਇਆ, "ਤੂੰ ਮੈਨੂੰ ਕਿਉਂ ਛੱਡ ਦਿੱਤਾ?" ਅਤੇ ਉਸ ਦੇ ਰੱਦੇ ਜਾਣ, ਅਤੇ ਇਸ ਸਥਾਨ ਨੂੰ ਲੈਣ ਦਾ ਕਾਰਨ ਇਹ ਸੀ, ਉਸ ਨੇ ਵੇਖ ਲਿਆ ਸੀ ਕਿ ਜਿਨਹਾਂ ਲੋਕਾਂ ਦਾ ਉਹ ਉਦਾਰਕਰਤਾ ਹੋਣ ਲਈ ਅਤੇ ਉਹਨਾਂ ਨੂੰ ਜੀਉਣ ਦੇਣ ਲਈ ਆਇਆ ਸੀ ਉਹਨਾਂ ਉਹ ਨੂੰ ਰੱਦ

ਦਿੱਤਾ ਸੀ। ਅਤੇ ਇਸ ਨਾਲ ਉਹ ਏਨਾ ਦੁੱਖੀ ਹੋਇਆ ਕਿ ਉਸ ਦਾ ਦਿਲ ਫੱਟ ਗਿਆ ਕਿ ਉਸ ਦੇ ਬਦਨ ਅੰਦਰਲੇ ਤੱਤ, ਲਹੂ ਅਤੇ ਪਾਣੀ ਵੱਖੋ ਵੱਖ ਹੋ ਗਏ।

31. ਮਨੁੱਖ ਕਦੇ ਨਹੀਂ ਜਾਣੇਗਾ ਕਿ ਉਹ ਕੀ ਸੀ, ਇਹੀ ਕਾਰਨ ਹੈ ਕਿ ਕੋਈ ਕਦੇ ਇਸ ਤਰ੍ਹਾਂ ਨਹੀਂ ਮਰ ਸਕੱਦਾ। ਮੈਂ ਇਸ ਦੀ ਪਰਵਾਹ ਨਹੀ ਕਰਦਾ, ਤੁਹਾਨੂੰ ਚਾਹੇ ਪੈਰਾ ਵਲੋਂ ਸਕੰਜੇ ਵਿੱਚ ਵੱਡੇ ਤਸੀਹੇ ਨਾਲ ਇੰਚ-ਇੰਚ ਟੁਕੜੇ ਕਰਕੇ ਸਾੜ ਦਿੱਤਾ ਜਾਏ ਤਾਂ ਵੀ ਤੁਸੀਂ ਉਸ ਤਰ੍ਹਾਂ ਦੀ ਮੌਤ ਨਹੀਂ ਮਰ ਸਕਦੇ, ਕਿਉਂ ਜੋ ਤੁਸੀਂ ਉਸ ਪਰਕਾਰ ਦੀ ਬਣਤਰ ਨਹੀਂ ਹੋ। ਉਹ ਤਾਂ ਖ਼ੁਦਾ ਹੀ ਹੋਣਾ ਚਾਹੀਦਾ ਸੀ, ਉਸ ਨੂੰ ਤਾਂ ਮਨੁੱਖ ਨਾਲੋਂ ਵੱਡਾ ਹੋਣਾ ਚਾਹੀਦਾ ਸੀ। ਅਤੇ ਸੋਚੋ ਖੁਦਾ ਮਰਿਆ। ਉਹ ਸੰਸਾਰ ਲਈ, ਫੱਟੇ ਦਿਲ ਦੇ ਅਜੇਹੇ ਦੁੱਖ ਨਾਲ ਮਰਿਆ, ਏਥੋ ਤੱਕ ਉਸ ਦੇ ਬਦਨ ਅੰਦਰ ਹੀ ਭੌਤਕ ਤੱਤਾਂ ਨੇ ਕਿਰਆ ਦੀ ਤਬਦੀਲੀ ਲਈ ਜੋ ਕਿ ਤੁਹਾਡੇ ਸਰੀਰ ਅੰਦਰ ਨਹੀਂ ਹੋ ਸਕੱਦੀ। ਤੁਸੀਂ ਉਸ ਤਰ੍ਹਾਂ ਦੇ ਦੁੱਖ ਉਠਾ ਹੀ ਨਹੀਂ ਸਕਦੇ, ਕੋਈ ਇਸ ਤਰ੍ਹਾਂ ਦਾ ਰਾਹ ਹੈ ਹੀ ਨਹੀਂ ਕਿ ਤੁਸੀਂ ਉਸ ਵਰਗੇ ਦੁੱਖ ਸਹਿ ਸਕੋ, ਅਤੇ ਸਿਰਫ ਇੱਕ ਹੀ ਸੀ ਜੋ ਸਹਿ ਸਕਦਾ ਸੀ ਉਸ ਸਹੇ।

32. ਉਹ ਅਣਮੋਲ ਜੀਵਨ ਉੱਥੇ ਟੰਗਿਆ ਸੀ ਜੋ ਭਲੇ ਕੰਮ ਕਰਨ ਅਤੇ ਪ੍ਰੇਮ ਤੋਂ ਬਿਨਾਂ ਹੋਰ ਕੁਝ ਨਹੀਂ ਜਾਣਦਾ ਸੀ, ਉਹ ਜਮੀਨ ਅਤੇ ਆਸਮਾਨ ਵਿੱਚਕਾਰ ਹਵਾ ਅੰਦਰ, ਬੇਜ਼ਤੀ ਨਾਲ ਨੰਗਾ ਲਟਕਾ ਦਿਤਾ ਗਿਆ। ਸੋਚੋ ਜੇ ਕਰ ਤੁਹਾਨੂੰ ਨੰਗਾ ਕੀਤਾ ਜਾਏ ਤਾਂ ਕਿਸ ਤਰ੍ਹਾਂ ਲਗੇਗਾ। ਤੁਸੀਂ ਸਮਝ ਹੀ ਨਹੀਂ ਸਕੋਗੇ ਕਿ ਇਹ ਖੁੱਦਾ ਦੀ ਉੱਥੇ ਲਟਕੇ ਰਹਿਣ ਵਿੱਚ ਕੇਡੀ ਵੱਡੀ ਬੇਜਤੀ ਹੋਏਗੀ। ਮੈਂ ਜਾਣਦਾ ਹਾਂ, ਸਲੀਬ ਦਿੱਤਾ ਜਾਣਾ, ਇਸ ਤਰ੍ਹਾਂ ਜੋ ਵੀ ਲੋਕਾਂ ਉਸ ਨਾਲ ਕੀਤਾ, ਇੱਕ ਮਮੂਲੀ ਗੱਲ ਸੀ ਪਰ ਲੋਕ ਕਦੇ ਉਹ ਨਾ ਕਰ ਸਕੇ, ਕੀ ਇਹ ਸਿਰਫ ਸਲੀਬ ਤੇ ਵਿਖਾਵਾ ਹੀ ਹੈ ਯਾ ਚਿਤ੍ਰਕਾਰ ਨੇ ਚਿਤ੍ਰਕਾਰੀ ਕੀਤੀ ਹੈ। ਉਹਨਾਂ ਉਸ ਦੇ ਬਸਤਰ ਲਾ ਲਏ, ਉਸ ਨੇ ਚੋਲਾ ਪਾਇਆ ਸੀ, ਉਹਨਾਂ ਨੇ ਉਹ ਨੂੰ ਪਾੜ ਲਿਆ ਅਤੇ ਉਸ ਤੇ ਗੁਣੇ ਪਾਏ, ਉਹ ਬੇਹੱਦ ਬੇਇੱਜ਼ਤ ਕੀਤਾ ਗਿਆ। ਫੇਰ ਵੀ ਖੁੱਦਾ ਹੁੰਦੇ ਹੋਏ ਖੜਾ ਰਿਹਾ ਅਤੇ ਪਾਪੀ ਉਸ ਦੇ ਚੇਹਰੇ ਤੇ ਥੁਕਦੇ ਰਹੇ। ਫੇਰ ਵੀ ਪਵਿੱਤਰਤਾ ਦਾ ਅਥਾਹ ਸਾਗਰ ਹੁੰਦੇ ਹੋਏ ਵੀ, ਉਸ ਨੇ ਜਨਤਾ ਸਾਹਮਣੇ ਨੰਗੇਜ ਹਾਲਤ ਵਿੱਚ ਮਰਨਾ ਹੀ ਸੀ, ਉਸ ਤੇ ਇਹਨਾਂ ਦਾ ਅਜਿਹਾ ਅਸਰ ਹੋਇਆ ਕਿ ਲਹੂ ਅਤੇ ਪਾਣੀ ਅਲੱਗ-ਅਲੱਗ ਹੋ ਗਏ। ਹੈਰਾਣੀ ਦੀ ਗੱਲ ਨਹੀਂ...... ਮੈਂ ਸੋਚਦਾ ਕਿ ਕਵੀ ਨੇ ਜੱਦ ਇਸ ਤਰ੍ਹਾਂ ਆਖਿਆ ਤਾਂ ਉਸ ਵਧੀਆ ਵਿਖਿਆਨ ਕੀਤਾ :-

**ਆਸਮਾਨ ਹੇਠਾਂ ਅੰਦਘੋਰ ਵਿੱਚ ਮੇਰੇ ਬਚਾਉਣ ਵਾਲੇ ਨੇ**
**ਚਟਾਨਾ ਵਿੱਚ ਉਸ ਪਹਾੜੀ ਤੇ ਪ੍ਰਾਣ ਤਿਆਗ ਦਿੱਤੇ**

**ਪਰ ਹੈਕਲ ਦੇ ਪਰਦੇ ਦੇ ਫੱਟ ਜਾਣ ਤੇ ਉਹ ਰਾਹ ਪਰਗਟ ਹੋਇਆ**
**ਜੋ ਸਵਰਗੀ ਆਨੰਦ ਤੇ ਆਨੰਤਕਾਲ ਵਿਚ ਲੈ ਜਾਂਦਾ ਹੈ।**

33. ਯਾਕੀਨਨ ਉਸ ਨੇ ਇਸੇ ਤਰ੍ਹਾਂ ਕਰਨਾ ਸੀ। ਉਹ ਪਰਦਾ ਖ਼ੁੱਦਾ ਅਤੇ ਮਨੁੱਖ ਵਿੱਚਕਾਰ ਲਟਕਦਾ ਸੀ ਅਤੇ ਉਸ ਦੇ ਹੱਟ ਜਾਣ ਤੇ ਆਸਮਾਨੀ ਖੁਸ਼ੀਆਂ ਅਤੇ ਆਨੰਤਕਾਲ ਦੇ ਦਿਨ ਅੰਦਰ ਪਹੁੰਚਣ ਦਾ ਰਾਹ ਖੁੱਲ ਗਿਆ। ਕਲਵਰੀ ਦਾ ਮਤਲਬ ਹੈ ਮਹੱਤਵਪੂਰਨ,ਦਾ ਮਤਲਬ ਜੋ ਸਾਡੇ ਬਿਆਨ ਤੋਂ ਬਾਹਰ ਹੋਵੇ। ਸਹੀ।

ਜੀਉਂਦੇ ਜੀ ਉਸ ਨੇ ਮੇਰੇ ਨਾਲ ਪ੍ਰੇਮ ਕੀਤਾ, ਮਰ ਕੇ ਉਸ ਮੈਨੂੰ ਬਚਾਇਆ ਹੈ
ਦਫਨ ਹੋ ਕੇ ਉਸ ਨੇ ਮੇਰੇ ਪਾਪਾਂ ਨੂੰ ਦੂਰ ਹਟਾਇਆ ਹੈ ।

34. ਉਸ ਨੂੰ ਦੰਡ ਮਿਲ ਚੁੱਕਿਆ ਹੈ, ਹੁਣ ਪਾਪ ਦਾ ਅਧਿਕਾਰ ਨਹੀਂ ਰਿਹਾ ਹੈ, ਜੱਦ ਉਸ ਸਲੀਬ ਤੋਂ ਪੁਕਾਰ ਕੇ ਆਖਿਆ ਕਿ "ਪੂਰਾ ਹੋਇਆ," ਪਾਪ ਮਰ ਗਿਆ ਹੈ! ਅੱਜ ਵੀ ਮਰਿਆ ਹੋਇਆ ਹੈ, ਇਹ ਦਾ ਕੰਮ ਖਤਮ ਹੈ, ਇਹ ਸ਼ਕਤੀਹੀਨ ਹੋ ਚੁੱਕਾ ਹੈ, ਇਹ ਦਾ ਵਜੂਦ ਖਤਮ ਹੈ। ਲੋਕੋ ਉਸ ਪਾਪ ਬਾਰੇ ਸੋਚੋ, ਮਨੁੱਖ ਜਾਤੀ ਦਾ ਵੈਰੀ ਮਰ ਚੁੱਕਾ ਹੈ ਅਤੇ ਉਸ ਦੇ ਅੰਦਰ ਜੀਵਨ ਨਹੀਂ ਹੈ, ਇਸ ਵਿਚ ਅਗਾਂਹ ਲਈ ਅਸਰ ਨਹੀਂ ਹੈ, ਇਹ ਹੋ ਨਹੀਂ ਸਕਦਾ। ਹੈਰਾਨੀ ਦੀ ਗੱਲ ਨਹੀਂ ਸੂਰਜ ਚਮਕਣਾ ਬੰਦ ਹੋ ਗਿਆ, ਸਤਾਰੇ ਚਮਕ ਨਾ ਸਕੇ, ਧਰਤੀ ਤੇ ਅੰਧੇਰਾ ਛਾ ਗਿਆ, ਉਸ ਵੇਲੇ ਉਹਨਾਂ ਸਭਨਾ ਦਾ ਛੁਟਕਾਰਾ ਕੀਤਾ ਗਿਆ ਸੀ।

35. ਹੁਣ ਪਾਪ ਮਰ ਚੁੱਕਾ ਹੈ, ਇਹ ਦਫ਼ਨ ਹੋ ਚੁੱਕਾ ਹੈ, ਇਸ ਅੰਦਰ ਜੀਵਨ ਨਹੀਂ ਹੈ, ਆਗਾਂਹ ਨੂੰ ਇਸ ਅੰਦਰ ਜਾਨ ਨਹੀਂ ਹੈ, ਇਹ ਦਫ਼ਨ ਹੋਣਾ ਹੀ ਚਾਹੀਦਾ ਹੈ। ਕੀ ਸੀ ਜੋ ਦਫ਼ਨ ਕੀਤਾ ਗਿਆ? ਖ਼ੁੱਦਾ ਦਾ ਬਦਨ ਦਫ਼ਨ ਕੀਤਾ ਗਿਆ ਸੀ, ਕਿਉਂ ਜੋ ਉਹ ਪਾਪ ਦੇ ਲਈ ਬਲੀ ਸੀ। ਇਹ ਸਾੜਿਆ ਗਿਆ ਲੇਲਾ ਸੀ ਜੋ ਬਦੀਆਂ ਦੀ ਅੱਗ ਨਾਲ ਸਾੜਿਆ ਗਿਆ ਸੀ। ਉਹ ਪਾਪ ਰਹਿਤ ਮੇਮਣਾ ਜੋ ਪਾਪ ਤੋਂ ਜਾਣੂ ਨਾ ਸੀ, ਉਹ ਖ਼ੁੱਦਾ ਜੋ ਪਾਪ ਕਰਨਾ ਨਹੀਂ ਜਾਣਦਾ, ਉਸ ਅਪਣਾ ਜੀਵਨ ਦੇ ਦਿੱਤਾ ਸੀ, ਉਹ ਪਾਪ ਦੀ ਬਲੀ ਲਈ ਟੰਗਿਆ ਹੈ। " ਦਫ਼ਨ ਹੋ ਕੇ ਉਸ ਮੇਰੇ ਪਾਪਾਂ ਨੂੰ ਦੂਰ ਹਟਾਇਆ ਹੈ," ਉਹ ਨੂੰ ਦਫ਼ਨ ਹੋਣਾ ਹੀ ਚਾਹੀਦਾ ਹੈ, ਉਹ ਬਦਨ ਜੋ ਪਾਪਾਂ ਦੀ ਬਲੀ ਲਈ ਹੈ ਦਫ਼ਨ ਹੋਣਾ ਹੀ ਚਾਹੀਦਾ ਹੈ।

36. ਇਹੀ ਕਾਰਨ ਹੈ ਕਿ ਥੋੜੀ ਦੇਰ ਬਾਅਦ ਲੋਕ ਇੱਕ-ਇੱਕ ਕਰ ਕੇ ਇਸ ਤਲਾਅ ਵੱਲ ਆਉਣਗੇ ਕਿ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲੈਣ। ਕਿਓਂ? ਕੋਈ ਖਾਸ ਗੱਲ ਵਾਪਰੀ ਹੈ। ਜੱਦ ਉਸ ਨੇ ਪੁਕਾਰ ਕੇ ਆਖਿਆ ਪੂਰਾ ਹੋਇਆ ਅਤੇ ਉਹ ਆਤਮਾ ਜੋ ਉਸ ਬਦਨ ਵਿਚੋਂ ਨਿਕਲ ਕੇ ਬਾਹਰ ਆਇਆ, ਉਸ ਸਾਡੇ ਸਰੀਰਾਂ ਅੰਦਰ ਪਾਪ ਨੂੰ ਦੰਡ ਦੇ ਦਿਤਾ ਅਤੇ ਅਸਾਂ ਇਸ ਨੂੰ ਜਰੂਰ ਮਾਰਨਾ ਹੈ, ਤਾਂ ਜੋ ਉਹਦੀ ਯਾਦਗਾਰ ਨਾਂ ਰਹੇ, ਮੈਂ ਬਹੁੱਤ ਖੁਸ਼ ਹਾਂ ਕਿ ਇਹ ਇਸੇ ਤਰ੍ਹਾਂ ਹੈ।

37. ਜੱਦ ਕੋਈ ਚੀਜ਼ ਮਰ ਜਾਂਦੀ ਹੈ, ਉਹ ਛੁੱਪ ਕੇ ਅੱਖਾਂ ਤੋਂ ਉਹਲੇ ਹੋ ਜਾਂਦੀ ਹੈ, "ਅਤੇ ਦਫ਼ਨ ਹੋ ਕੇ ਉਸ ਨੇ ਮੇਰੇ ਪਾਪਾਂ ਨੂੰ ਦੂਰ ਹਟਾਇਆ ਹੈ," ਖ਼ੁੱਦਾ ਸਾਡੇ ਦਫ਼ਨ ਕੀਤੇ ਪਾਪਾਂ ਨੂੰ ਸਾਹਮਨੇ ਨਹੀਂ ਲਿਆ ਸੱਕਦਾ। ਉਹ ਕਿਥੇ ਦਫ਼ਨ ਹਨ? ਭੁੱਲਾਂ ਦੇ ਸਮੁੰਦਰ ਅੰਦਰ। ਭੁੱਲਾਂ ਦੇ ਇੱਕ ਸਮੁੰਦਰ ਬਾਰੇ ਸੋਚੋ! ਖ਼ੁੱਦਾ ਉਹਨਾਂ ਨੂੰ ਚੇਤੇ ਨਹੀਂ ਕਰ ਸਕਦਾ, ਕਿਉਂ ਜੋ ਮਰ ਕੇ ਦਫ਼ਨ ਹੋ ਚੁੱਕੇ ਹਨ, ਇਥੋ ਤੱਕ ਕਿ ਉਹ ਅਗਾਂਹ ਨੂੰ ਚੇਤੇ ਵੀ ਨਹੀਂ ਆ ਸਕਦੇ ਉਹ ਤਾਂ ਖ਼ੁਦਾ ਦੀ ਯਾਦਗਾਰੀ ਵਿਚੋਂ ਬਾਹਰ ਹੋ ਚੁੱਕੇ ਹਨ।

38. ਉਹ ਇਸ "ਦਫਨਾਏ" ਜਾਣ ਵਿਚ ਆਪ ਵੀ ਸ਼ਾਮਲ ਸੀ, ਉਸ ਪੁਰਾਨੇ ਨੇਮ ਵਿਚ ਪੇਸ਼ ਕਰ ਦਿੱਤਾ ਸੀ। ਉਹਨਾਂ ਪਾਸ ਦੋ ਹੁੰਦੇ ਸਨ.................. ਪਵਿੱਤਰ ਬੇਦੀ ਤੇ ਉਹ ਇੱਕ ਪਾਪ ਦੀ ਬਲੀ ਲਈ ਚੜ੍ਹਾਇਆ ਕਰਦੇ ਸਨ। ਅਤੇ ਉਹ ਪਾਪ ਦੀ ਬਲੀ ਲਈ ਦੋ ਬੱਕਰੇ ਲੈਂਦੇ ਸਨ, ਇੱਕ ਬੱਕਰਾ ਤਾਂ ਹਲਾਲ ਕੀਤਾ ਜਾਂਦਾ ਸੀ ਅਤੇ ਦੂਸਰੇ ਜਿਉਂਦੇ ਬੱਕਰੇ ਤੇ ਪਾਪਾਂ ਨੂੰ ਜੋ ਮਰ ਜਾਂਦੇ ਸਨ ਲੱਦ ਦਿਤਾ ਜਾਂਦਾ ਸੀ।

39. ਯਾਦ ਰਹੇ, ਯਿਸੂ ਇੱਕ ਭੇਡ ਸੀ, ਇੱਕ ਮੇਮਣਾ ਸੀ। ਪਰ ਇਸ ਮਾਮਲੇ ਅੰਦਰ ਉਸ ਬਕਰੇ ਦੀ ਥਾਂ ਲਈ ਉਹ ਧਾਰਮਿਕਤਾ ਸੀ, ਕਿਉਂ ਜੋ ਉਹ ਖ਼ੁੱਦਾ ਸੀ, ਉਰ ਭੇਡ ਸੀ, ਜਿਸ ਪਾਪ- ਬੱਕਰੇ ਦੀ ਥਾਂ ਲਈ, ਉਹ ਮੇਰੇ ਅਤੇ ਤੁਹਾਡੇ ਲਈ ਪਾਪ ਦੀ ਬਲੀ ਬਣ ਕੇ ਆਇਆ, ਉਹ ਭੇਡ ਦੇ ਥਾਂ ਤੇ ਬੱਕਰਾ ਬਣ ਆਇਆ।

40. ਯਿਸੂ ਦੋਨਾਂ ਜਾਨਵਰਾਂ ਦਾ ਪਰਤੀਕ ਸੀ। ਇੱਕ ਦੇ ਥਾਂ ਉਹ ਪਰਾਸਚਤ ਲਈ ਮਰਿਆ, ਦੂਸਰੇ ਤੇ ਥਾਂ ਤੇ ਸਾਰੇ ਪਾਪ ਉਸੇ ਤੇ ਲੱਦ ਦਿੱਤੇ ਗਏ, ਅਤੇ ਦੂਸਰਾ ਬੱਕਰਾ ਲੋਕਾਂ ਦੇ ਪਾਪਾਂ ਨੂੰ ਚੁੱਕ ਕੇ ਜੰਗਲ ਵਿੱਚ ਦੂਰ ਚਲਿਆ ਜਾਂਦਾ ਸੀ। ਇਹ ਕੀ ਸੀ? ਇਹ ਸਾਡੇ ਪ੍ਰਭੂ ਯਿਸੂ ਮਸੀਹ ਦੀ ਮੌਤ, ਦਫ਼ਨ ਹੋਣਾ ਸੀ, ਮਰ ਕੇ ਜੀਉਂਦੇ ਜੀ, "ਉਸ ਨੇ ਮੈਨੂੰ ਪਿਆਰ ਕੀਤਾ, ਮਰ ਕੇ ਉਸ ਨੇ ਮੈਨੂੰ ਬਚਾਇਆ ਹੈ, ਦਫਨ ਹੋ ਕੇ ਉਸ ਨੇ ਮੇਰੇ ਪਾਪਾਂ ਨੂੰ ਦੂਰ ਹਟਾਇਆ ਹੈ।" ਉਸ ਲੋਕਾਂ ਦੇ ਪਾਪਾਂ ਨੂੰ ਅਪਣੇ ਜੁਮੇਂ ਲੈ ਲਿਆ ਅਤੇ ਹੇਠਾਂ ਅਧੋਲੋਕ ਵਿੱਚ ਉੱਤਰ ਗਿਆ। ਉਹ ਪਾਪਾਂ ਦੀ ਬਲੀ ਲਈ ਸੀ। ਉਸ ਨੇ ਲੋਕਾਂ ਦੇ ਪਾਪਾਂ ਨੂੰ ਚੁੱਕ ਲਿਆ ਸੀ, ਉਹ ਲੋਕਾਂ ਲਈ ਮਰ ਗਿਆ, ਅਤੇ ਉਸ ਤੇ ਪਾਪ ਪਾ ਦਿੱਤੇ ਗਏ ਸਨ, ਓਹ ਨੇ ਸਾਡੇ ਪਾਪਾਂ ਨੂੰ ਏਡੀ ਦੂਰ ਲੈ ਗਿਆ ਖ਼ੁੱਦਾ ਫੇਰ ਉਹਨਾਂ ਨੂੰ ਮੁੜ ਵੇਖ ਨਾ ਸਕੇ। ਉਹ ਇਹ ਦੇ ਬਾਰੇ ਸੋਚੋ, ਅਜਿਹੇ ਮੁਕਤੀ ਦਾਤੇ ਲਈ ਤਾਂ ਕਲੀਸੀਯਾ "ਹਾਲੇਲੁਯਾਹ ਪੁਕਾਰ ਸਕਦੀ ਹੈ।"

41. ਸਿਰਫ ਸਾਡੇ ਪਾਪ ਹੀ ਨਹੀਂ ਮਾਫ ਕੀਤੇ ਗਏ ਪਰ ਪਾਪਾਂ ਨੂੰ ਭੁੱਲਾਂ ਦੇ ਸਮੁੰਦਰ ਅੰਦਰ ਦਫਨ ਕਰ ਦਿੱਤਾ ਗਿਆ ਹੈ ਤਾਂ ਜੋ ਫੇਰ ਕਦੇ ਯਾਦ ਨਾ ਕੀਤੇ ਜਾਣ, ਦਫਨ ਹੋ ਕੇ ਉਸ ਨੇ ਸਾਡੇ ਪਾਪਾਂ ਨੂੰ ਦੂਰ ਹਟਾਇਆ ਹੈ। ਹੁਣ ਉਹਨਾਂ ਨੂੰ ਨਹੀਂ ਯਾਦ ਕੀਤਾ ਜਾ ਸਕੱਦਾ ਕਿਉਂ ਜੋ ਉਹ ਹੁਣ ਹੈ ਹੀ ਨਹੀਂ ਹਨ, ਉਹ ਹੁਣ ਖ਼ੁਦਾ

ਦੀਆਂ ਅੱਖਾਂ ਤੋਂ ਪਰੋਖੇ ਹਨ, ਉਹ ਕੰਮ ਨਹੀਂ ਕਰ ਸਕਦੇ, ਉਹਨਾਂ ਨੂੰ ਤਲਾਕ ਦੇ ਦਿੱਤਾ ਗਿਆ ਹੈ, ਉਹ ਝਾੜ ਦਿਤੇ ਗਏ ਹਨ, ਖ਼ੁੱਦਾ ਉਹਨਾਂ ਨੂੰ ਅਗਾਂਹ ਚੇਤੇ ਨਹੀਂ ਰੱਖਦਾ ਹੈ, ਕੀ ਹੈ? ਏਸ ਸੁਭਾਹ ਕਲੀਸੀਯਾ ਨੂੰ ਅੱਜ ਇਹ ਜਾਣ ਕੇ ਖੁਸ਼ ਹੋਣਾ ਚਾਹੀਦਾ ਹੈ ਕਿ ਸਾਡੇ ਪਾਪਾਂ ਨੂੰ ਅਗਾਂਹ ਲਈ ਚੇਤੇ ਨਹੀਂ ਕੀਤਾ ਜਾਏਗਾ ਉਹ ਤਾਂ ਭੁਲਾਂ ਦੇ ਸਮੂੰਦਰ ਵਿੱਚ ਸੁੱਟ ਦਿੱਤੇ ਗਏ ਹਨ, ਅਜਿਹੀ ਕਬਰ ਅੰਦਰ ਜਿਥੇ ਉਹ ਜਿਉਂਦੇ ਹੋ ਹੀ ਨਹੀਂ ਸਕਦੇ, ਉਹ ਸਦਾ ਲਈ ਖਤਮ ਨੇ ਅਤੇ ਉਹਨਾਂ ਦਾ ਚੇਤਾ ਜਾਂਦਾ ਰਿਹਾ ਹੈ, ਉਹ ਏਸ ਤਰ੍ਹਾਂ ਹਨ ਜਿਉਂਦੇ ਕੀਤੇ ਹੀ ਨਹੀਂ ਜਾ ਸਕਦੇ ਸਨ। ਮਰ ਕੇ ਉਸ ਨੇ ਮੈਨੂੰ ਬਚਾਇਆ ਹੈ, ਦਫਨ ਹੋ ਕੇ ਉਸ ਨੇ ਮੇਰੇ ਪਾਪਾਂ ਨੂੰ ਦੂਰ ਹਟਾਇਆ ਹੈ, ਉਹ ਉਹਨਾਂ ਨੂੰ ਏਨੀ ਦੂਰ ਲੈ ਗਿਆ ਕਿ ਉਹ ਭੁੱਲਾਂ ਦੇ ਸਮੂੰਦਰ ਵਿੱਚ ਚਲੇ ਗਏ। ਓਹ! ਅਸੀਂ ਜਾਣਦੇ ਹਾਂ ਇਹ ਸਾਰੀਆਂ ਗੱਲਾਂ ਸੱਚ ਹਨ ਅਤੇ ਅਸੀਂ ਜਾਣਦੇ ਹਾਂ ਇਹ ਸਾਰੀਆਂ ਗੱਲਾਂ ਸੱਚ ਹਨ ਅਤੇ ਅਸੀਂ ਪੱਕਾ ਯਕੀਨ ਕਰਦੇ ਹਾਂ ਅਤੇ ਇਹ ਹਕੀਕਤ ਵਿੱਚ ਸੱਚਾਈ ਹਨ, ਉਹ ਖ਼ੁੱਦਾ ਦੀਆਂ ਸੱਚਾਈਆਂ ਹਨ। ਅਤੇ ਉਹ ਮਹਾਨ ਚੀਜਾਂ ਸਾਡੀ ਇੰਨਸਾਨੀ ਵਿਆਖਿਆ ਤੋਂ ਬਾਹਰ ਸਨ, ਅਸੀਂ ਅਜਿਹੀਆਂ ਗੱਲਾਂ ਲਈ ਕਦੀ ਵੀ ਤੇਰਾ ਧੰਨਵਾਦ ਕਰਨ ਦੇ ਯੋਗ ਨਹੀਂ ਹੋ ਸਕਦੇ ਹਾਂ।

42. ਪਰ ਉਹ, ਉਸ ਈਸਟਰ ਤੇ! " ਜੀ ਉਠ ਕੇ, ਉਸ ਮੈਨੂੰ ਸਦਾ ਲਈ ਆਜ਼ਾਦ ਕੀਤਾ ਹੈ।"

ਜੀਉਂਦੇ ਜੀ, ਉਸ ਮੈਨੂੰ ਪਿਆਰ ਕੀਤਾ, ਮਰ ਕੇ ਉਸ ਮੈਨੂੰ ਬਚਾਇਆ ਹੈ,
ਦਫ਼ਨ ਹੋ ਕੇ ਉਸ ਮੇਰੇ ਪਾਪਾਂ ਨੂੰ ਦੂਰ ਹਟਾਇਆ ਹੈ,
(ਉਹ ਸਭ ਠੀਕ ਸੀ)
ਪਰ ਜੀ ਉਠ ਕੇ, ਉਸ ਧਰਮੀ ਠਹਿਰਾਇਆ।

43. ਇਹ ਜੀ ਉਠਣਾ ਕੀ ਸੀ? ਇਹ ਖ਼ੁੱਦਾ ਵਾਲੀ ਰਸੀਦ ਸੀ, ਮੁੱਲ ਦੇ ਦਿੱਤਾ ਗਿਆ ਹੈ, "ਜੀ ਉਠ ਕੇ, ਉਸ ਹਮੇਸ਼ਾ ਲਈ ਧਰਮੀ ਠਹਿਰਾ ਦਿੱਤਾ ਹੈ," ਉਹ ਜੀ ਉਠਣ ਵਾਲਾ ਸਾਡਾ ਕਿਸ ਤਰ੍ਹਾਂ ਦਾ ਮੁਕਤੀਦਾਤਾ ਹੈ! ਖ਼ੁੱਦਾ ਨੇ ਕੀ ਕਰ ਦਿਤਾ ਸੀ? ਇਕ ਮਨੁੱਖ ਦੁੱਖ ਝੱਲ ਸਕਦਾ ਹੈ, ਇੱਕ ਮਨੁੱਖ ਮਰ ਸਕਦਾ ਹੈ, ਇੱਕ ਮਨੁੱਖ ਦਫ਼ਨ ਹੋ ਸਕਦਾ ਹੈ, ਪਰ ਈਸਟਰ ਉਹਨ ਨਾਲੋ ਸਭ ਤੋਂ ਮਹਾਨ ਸੀ, ਕਿਉਂ ਜੋ ਖ਼ੁੱਦਾ ਵਲੋਂ ਪੁਸ਼ਟੀ ਸੀ, "ਮੇਰੀ ਬਿਵਸਥਾ ਪੂਰੀ ਹੋ ਗਈ ਹੈ, ਮੇਰੀਆਂ ਮੰਗਾਂ ਜੋ ਉਹ ਆਪ ਹੈ ਪੂਰੀਆਂ ਹੋਈਆਂ ਹਨ" ਉਸਨੇ ਉਹ ਨੂੰ ਮੁਰਦਿਆਂ ਵਿੱਚੋਂ ਜਿੰਦਾ ਕੀਤਾ ਹੈ! "ਜੀ ਉਠ ਕੇ ਉਸਨੇ ਸਦਾ ਲਈ ਧਰਮੀ ਠਹਿਰਾਇਆ ਹੈ।" (ਦੋ ਬਾਰ ਮੰਚ ਤੇ ਖੜਾਕ-ਸੰਪਾਦਕ) ਉਸ ਦਾ ਪਵਿੱਤਰ ਨਾਮ ਧੰਨ ਹੋਏ!

44. ਹੈਰਾਨੀ ਦੀ ਗੱਲ ਨਹੀਂ ਇਹ ਬਹੁੱਤ ਜੋਸ਼ ਪੈਦਾ ਕਰਦਾ ਹੈ।

ਹੈਰਾਨੀ ਦੀ ਗੱਲ ਨਹੀਂ ਹੈ ਮਨੁੱਖ ਦਾ ਦਿਲ ਇਹ ਨੂੰ ਸੰਭਾਲ ਨਹੀਂ ਸਕਦਾ ਹੈ। ਓਹ, ਅਸੀਂ ਅਪਣੀ ਫਤਹਮੰਦ ਨਿਹਚਾ ਨਾਲ ਖੜੇ ਰਹਿ ਸਕਦੇ ਹਾਂ, "ਅਸੀਂ ਸਦਾ ਲਈ ਧਰਮੀ ਠਹਿਰਾ ਕੇ ਆਜ਼ਾਦ ਕੀਤੇ ਗਏ ਹਾਂ।" ਕਿਉਂਕਿ ਉਹ ਮਰਿਆ ਅਤੇ ਦਫ਼ਨ ਹੋਇਆਂ ਅਤੇ ਖ਼ੁੱਦਾ ਨੇ ਫੇਰ ਉਸ ਨੂੰ ਈਸਟਰ ਦੀ ਸੁਭਾ ਜੀਉਂਦਾ ਕਰ ਦਿੱਤਾ, ਤੱਦੋ ਖ਼ੁੱਦਾ ਨੇ ਵਿਖਾਇਆ ਕਿ ਸਾਰੀਆਂ ਗੱਲਾਂ ਲਈ ਮੁਫਤ ਅਦਾਏਗੀ ਕਰ ਦਿੱਤੀ ਗਈ ਅਤੇ ਉਸ ਦੀਆਂ ਕੀਤੀਆਂ ਸਾਰੀਆਂ ਚੀਜਾਂ ਕਬੂਲ ਹੋ ਚੁੱਕੀਆਂ ਹਨ, ਹੁਣ ਤੁਸੀਂ ਆਜ਼ਾਦ ਹੋ! ਜੀ ਉਠ ਕੇ ਉਸ ਨੇ ਸਦਾ ਲਈ ਧਰਮੀ ਠਹਿਰਾਇਆ ਓਹ ਕੋਈ ਕਦੇ ਨਹੀਂ ਜਾਣ ਸਕਦਾ, ਨਾ ਹੀ ਉਸ ਮਹਾਨ ਦਿਨ ਬਾਰੇ ਸੋਚ ਸਕਦਾ ਜੱਦ ਉਹ ਜੀ ਉਠਿਆ ਸੀ! ਅਤੇ ਦੂਤਾਂ ਨੇ ਇਹ ਵੇਖਿਆ ਅਤੇ ਉਹਨਾਂ ਖ਼ੁੱਦਾ ਦੀ ਵਡਿਆਈ ਦੇ ਗੀਤ ਗਾਏ, ਅਤੇ ਪੁਰਾਣੇ ਨੇਮ ਦੇ ਸੰਤਾਂ ਨੇ ਸਵਰਗ ਅੰਦਰ ਹਾਲੇਲੂਯਾਹ ਦੇ ਨਾਰੇ ਲਾਏ; " ਜੀ ਉਠ ਕੇ ਉਸ ਨੇ ਧਰਮੀ ਠਹਿਰਾਇਆ ਹੈ।" ਆਕਾਸ ਕੰਬ ਗਏ, ਧਰਤੀ ਕੰਬ ਉੱਠੀ ਸਵਰਗ ਅਤੇ ਆਕਾਸ ਹਿਲ ਗਏ, ਜਦ ਮਹਾਨ ਸ਼ਬਦ ਪੈਦਾ ਹੋਇਆ, ਕਬਰ ਵਿਚੋਂ ਨਿਕਲ ਆ, ਉਹ ਜਿੰਦਾ ਹੋ ਗਿਆ, ਜੀ ਉਠ ਕੇ ਉਸ ਨੇ ਸਦਾ ਲਈ ਧਰਮੀ ਠਹਿਰਾ ਦਿੱਤਾ ਹੈ, ਉਹ, ਕੇਡਾ ਮਹਾਨ ਹੈ!

45. ਤੱਦ ਉਹ ਲੋਕ ਜੋ ਉਸ ਵਿੱਚ ਹੋ ਕੇ ਮਰੇ ਹਨ ਇਹ ਗਾ ਸਕਦੇ ਹਨ ਏਥੇ ਧਰਤੀ ਵੱਲ ਜਦ ਅਸੀਂ ਹੇਠਾਂ ਨੂੰ ਝਾਤੀ ਮਾਰਾਗੇਂ ਉਸ ਦੀ ਹੋਈ ਹੈਰਾਨੀ ਪੂਰਵਕ ਕ੍ਰਿਪਾ ਨੂੰ ਵੇਖਾਂਗੇ, ਖ਼ੁੱਦਾ ਨੇ ਕੀ ਕਰ ਦਿਤਾ ਹੈ, ਵੇਖੋ? ਖ਼ੁੱਦਾ ਦੀ ਮੁਹਰਬੰਦ ਮਦੱਦ, "ਥੋੜੀ ਦੇਰ ਬਾਦ ਸੰਸਾਰ ਮੈਨੂੰ ਨਹੀਂ ਵੇਖੇਗਾ ਪਰ, ਤੁਸੀਂ ਮੈਨੂੰ ਵੇਖੋਗੇ, ਕਿਉਂਕਿ ਮੈਂ ਮੁਰਦਿਆਂ ਵਿੱਚੋਂ ਜੀ ਉਠਾਂਗਾ, ਅਤੇ ਤੁਹਾਡੇ ਸੰਗ ਹੋਵਾਂਗਾ, ਏਥੋ ਤੱਕ ਸੰਸਾਰ ਦੇ ਅੰਤ ਤੱਕ ਤੁਹਾਡੇ ਅੰਦਰ ਹੋਵਾਂਗਾ, ਯਿਸੂ ਨੇ ਆਖਿਆ ਕਿ ਇਹੀ ਪੜਤਾਲ ਦਾ ਇੱਕ ਸਬੂਤ ਹੈ, ਕਿ ਜੋ ਖ਼ੁੱਦਾ ਨੇ ਆਖਿਆ ਉਹ ਸੱਚ ਹੈ, ਅਤੇ ਮੈਂ ਜੋ ਆਖਦਾ ਹਾਂ ਸੱਚ ਹੈ। ਮੈਂ ਪਵਿੱਤਰ ਆਤਮਾ ਦੀ ਸ਼ਕੱਲ ਵਿਚ ਆਵਾਂਗਾ, ਅਤੇ ਮੈਂ ਤੁਹਾਡੇ ਅੰਦਰ ਰਹਾਂਗਾ, ਅਤੇ ਸਦਾ ਲਈ ਤੁਹਾਡੇ ਸੰਗ ਰਹਾਂਗਾ। ਤਾਂ ਹੀ ਉਹ ਸੰਤ ਜਿਨਹਾਂ ਦੇ ਦਿਲ ਅੰਦਰ ਜੀ ਉਠਨ ਦੀ ਉਮੇਦ ਹੈ ਇਸ ਗੀਤ ਨੂੰ ਗਾ ਸਕਣਗੇ।

ਓਹ ਆਕਾਸ ਅੰਦਰ, ਚਾਨਣ ਵਾਲੀ ਸੁਹਾਵਨੀ ਸਵੇਰ
ਜੱਦ ਮਸੀਹ ਵਿੱਚ ਮਰੇ ਜੀ ਉੱਠ ਕੇ
ਮਸੀਹ ਵਾਲੀ ਮਹਿਮਾ ਦੇ ਸਾਂਝੀ ਹੋਣਗੇ
ਜੱਦ ਉਸ ਦੇ ਚੁਣੇ ਆਕਾਸ ਅੰਦਰ ਅਪਣੇ
ਘਰ ਵਿੱਚ ਜਮ੍ਹਾਂ ਹੋਣ ਲਈ ਇਕਠੇ ਕੀਤੇ ਜਾਣਗੇ।
(ਖ਼ੁਦਾ ਦੀ ਖ਼ੁੱਦ ਲਿਖੀ ਗਈ ਰਸੀਦ, ਮੁਹਰ ਬੰਦ ਹੋਈ

ਲਿਖਤ ਸੰਪੂਰਨ ਵਾਦੇ ਨਾਲ ਦਿੱਤੀ ਗਈ ਹੈ)
ਜੱਦ ਆਕਾਸ ਵਿੱਚ ਹਾਜ਼ਰੀ ਲਈ ਨਾਮ ਪੁਕਾਰੇ ਜਾਣਗੇ, ਮੈਂ ਉਥੇ ਹੋਵਾਂਗਾ।
ਉਹ-ਛੇਤੀ ਆਉ- ਉਹ ਹੈਰਾਨੀ ਦੀ ਗੱਲ ਨਹੀਂ, ਉਹਨਾਂ ਆਖਿਆ
ਜੀਉਂਦੇ ਹੋਏ ਉਸ ਨੇ ਮੈਨੂੰ ਪਿਆਰ ਕੀਤਾ, ਮਰਕੇ ਉਸ ਨੇ ਮੈਨੂੰ ਬਚਾਇਆ ਹੈ,
ਦਫ਼ਨ ਹੋ ਕੇ ਉਸ ਮੇਰੇ ਪਾਪਾਂ ਨੂੰ ਦੂਰ ਹਟਾਇਆ ਹੈ
ਓਹ-ਜੀ ਉਠ ਕੇ ਉਸ ਨੇ ਮੈਨੂੰ ਹਮੇਸ਼ਾ ਲਈ ਆਜ਼ਾਦ ਕੀਤਾ।

46. ਪਾਪਾਂ ਨੂੰ ਮਾਫ ਕੀਤਾ ਗਿਆ ਹੈ, ਇਹ ਸਭ ਕੁਰਬਾਨੀਆਂ ਬੇਕਾਰ, ਇਹ ਸਭੇ ਕੁਰਬਾਨੀਆਂ ਫੇਲ ਹੋ ਸਕਦੀਆਂ ਸਨ, ਪਰ ਈਸਟਰ ਸਵੇਰੇ ਜੱਦ ਯਿਸੂ ਜੀ ਉਠਿਆ, ਇਹ ਸਬੂਤ ਸੀ ਕਿ ਖੁਦਾ ਨੇ ਏਹਨਾਂ ਨੂੰ ਕਬੂਲ ਕਰ ਲਿਆ ਹੈ। ਹੈਰਾਨੀ ਨਹੀਂ, ਇਸ ਨੇ ਮਨੁੱਖ ਜਾਤ ਦੇ ਦਿਲ ਅੰਦਰ ਹੈਲੇਲੁਯਾਹ ਨੂੰ ਭਰ ਦਿਤਾ! ਹੈਰਾਨੀ ਨਹੀਂ, ਕਿ ਮਨੁੱਖ ਮੌਤ ਦਾ ਵੀ ਮੁਕਾਬਲਾ ਕਰ ਸਕਦਾ ਹੈ! ਲੋਕ ਨਾ ਹੋਣ ਵਾਲੀਆਂ ਗੱਲਾਂ ਨੂੰ ਵੀ ਹੁੰਦੇ ਵੇਖਦੇ ਹਨ। ਪਰ ਕਿਉਂ? " ਜੀ ਉਠ ਕੇ ਉਸ ਨੇ ਧਰਮੀ ਠਹਿਰਾਇਆ ਹੈ," ਤੁਸੀਂ ਕਿਸ ਤਰ੍ਹਾਂ ਜਾਣਦੇ ਹੋ ਕਿ ਉਹ ਜੀ ਉਠਿਆ ਹੈ? ਕਾਰਨ ਇਹ ਹੈ, ਉਹ ਸਾਡੇ ਦਿਲ ਅੰਦਰ ਜੀ ਉਠਿਆ ਹੈ! ਉਸ ਨੇ ਹਮੇਸ਼ਾ ਲਈ ਆਜ਼ਾਦ ਕਰ ਦਿੱਤਾ ਹੈ।

47. ਚਾਲੀਆਂ ਦਿਨਾਂ ਬਾਦ ਜਦ ਉਹ ਖੜ੍ਹਾ ਅਪਣੇ ਬੱਚਿਆਂ ਨਾਲ ਗੱਲਾਂ ਕਰ ਰਿਹਾ ਸੀ, ਧਰਤੀ ਦੀ ਆਕਰਸਨ ਸਕਤੀ ਨੇ ਅਪਣੀ ਪਕੜ ਬੰਦ ਕਰਨੀ ਸ਼ੁਰੂ ਕੀਤੀ, ਕੰਮ ਪੂਰਾ ਹੋ ਗਿਆ ਸੀ, ਦੰਡ ਭਰਿਆ ਗਿਆ ਸੀ, ਉਸ ਦੇ ਹੱਥ ਵਿੱਚ ਜੋ ਰਸੀਦ ਸੀ ਉਹ ਖੁਦਾ ਦੀ ਸੀ। ਉਹ ਦੇ ਬੱਚੇ ਜੋ ਕਲੀਸੀਯਾ ਹੈ, ਉਸ ਪਾਸ ਸੀ ਪਾਪ ਪੂਰੀ ਤਰ੍ਹਾਂ ਜਿਤਿਆ ਜਾ ਚੁੱਕਿਆ ਸੀ, ਰਸਤਾ ਸਾਫ ਕਰ ਦਿੱਤਾ ਗਿਆ ਸੀ, ਹੋਰ ਸਮਾਂ ਉਹ ਧਰਤੀ ਤੇ ਨਹੀਂ ਰਹਿ ਸਕਦਾ ਸੀ। ਸਾਨੂੰ ਏਥੇ ਕੇਹੜੀ ਚੀਜ਼ ਰੋਕ ਰੱਖਦੀ ਹੈ? ਆਕਰਸਨ ਸ਼ਕਤੀ, ਧਰਤੀ ਦੀ ਆਕਰਸਨ ਸਕਤੀ ਨੇ ਅਪਣੀ ਪਕੜ ਬੰਦ ਕਰਨੀ ਸ਼ੁਰੂ ਕੀਤੀ, ਕਿਉਂ? ਤੱਦ ਸਭੋ ਕੁਝ ਪੂਰਾ ਹੋ ਗਿਆ ਸੀ, ਕੀ ਬੀਤ ਗਿਆ ਸੀ? ਉਸ ਨੇ ਧਰਤੀ ਤੋਂ ਉਪਰ ਨੂੰ ਚੜਨਾ ਸੁਰੂ ਕੀਤਾ।

48. ਉਹ ਦੇ ਬੁੱਲਾਂ ਵਿੱਚੋਂ ਆਵਾਜ਼ ਆਈ ਸਰੱਬਤ ਸੰਸਾਰ ਅੰਦਰ ਜਾਓ, ਸਭ ਨੂੰ ਸੁਸਮਾਚਾਰ ਸੁਣਾਓ" ਅਤੇ ਜੋ ਨਿਹਚਾ ਲਿਆਏ ਅਤੇ ਬਪਤਿਸਮਾਂ ਲਵੇ ਉਹ ਬਚਾਇਆ ਜਾਏਗਾ, ਪਰ ਜੋ ਨਿਹਚਾ ਨਾ ਕਰੇ ਉਹ ਦੋਸ਼ੀ ਠਹਿਰਾਇਆ ਜਾਏਗਾ। ਅਤੇ ਨਿਹਚਾ ਕਰਨ ਵਾਲਿਆਂ ਅੰਦਰ ਇਹ ਨਿਸ਼ਾਨ ਹੋਣਗੇ। ਉਹ ਮੇਰੇ ਨਾਮ ਕਾਰਨ ਭੂਤਾਂ ਨੂੰ ਕੱਢਨਗੇ। ਨਵੀਆਂ ਭਾਸ਼ਾਂ ਬੋਲਣਗੇ, ਉਹ ਸੱਪਾਂ ਨੂੰ ਚੁੱਕ ਲੈਣਗੇ, ਜੇਕਰ ਉਹ ਜਹਿਰੀਲੀ ਚੀਜ਼ ਵੀ ਪੀ ਲੈਣਗੇ, ਉਹਨਾਂ ਦਾ ਕੁਝ ਨੁਕਸਾਨ ਨਹੀਂ ਹੋਵੇਗਾ,

ਉਹ ਰੋਗੀਆਂ ਤੇ ਹੱਥ ਰੱਖਣਗੇ ਤਾਂ ਉਹ ਚੰਗੇ ਹੋ ਜਾਣਗੇ। ਕਿਉਂ ਜੋ ਮੈਂ ਜਿਉਂਦਾ ਹਾਂ ........ ਆਕਰਸਨ ਸਕਤੀ ਮੇਰੇ ਤੋਂ ਖਤਮ ਹੈ,ਪਾਪ ਦਾ ਅਧਿਕਾਰ ਨਹੀਂ ਹੈ, ਮੈਂ ਤੁਹਾਡੇ ਲਈ ਮਰ ਗਿਆ ਹਾਂ। ਖ਼ੁੱਦਾ ਨੇ ਇਹ ਦਾ ਸਬੂਤ ਦਿੱਤਾ ਹੈ, ਅਤੇ ਜੀ ਉਠਨ ਦੀ ਰਸੀਦ ਦਿੱਤੀ ਹੈ। ਮੈਂ ਜਿਉਂਦਾ ਹਾਂ ਇਸ ਲਈ ਤੁਸੀਂ ਵੀ ਜਿਉਗੇ! ਮੈਂ ਕਿਸੇ ਦਿਨ ਆਵਾਂਗਾ।

49. ਓਹ ਕਿਸੇ ਦਿਨ ਆ ਰਿਹਾ ਹੈ, ਸਾਨਦਾਰ ਦਿਨ! ਤੱਦ ਇੱਕ ...........ਜੀਉਣਾ, ਮਰਨਾ, ਦਫ਼ਨ ਹੋਣਾ, ਫੇਰ ਆਉਣਾ ਅੱਜ ਕਲੀਸੀਯਾ ਦੀ ਇਹੋ ਆਸ ਹੈ!

**ਜੀਉਂਦੇ ਜੀ ਉਸ ਮੈਨੂੰ ਪਿਆਰ ਕੀਤਾ, ਮਰ ਕੇ ਉਸ ਨੇ ਮੈਨੂੰ ਬਚਾਇਆ ਹੈ,**
**ਦਫ਼ਨ ਹੋ ਕੇ ਉਸ ਨੇ ਮੇਰੇ ਪਾਪਾਂ ਨੂੰ ਦੂਰ ਹਟਾਇਆ ਹੈ,**
**ਜੀ ਉਠ ਕੇ ਉਸ ਮੈਨੂੰ ਸਦਾ ਲਈ ਆਜ਼ਾਦ ਕੀਤਾ**
**ਕਿਸੇ ਦਿਨ ਉਹ ਆ ਰਿਹਾ ਹੈ,ਉਹ ਸਾਨਦਾਰ ਦਿਨ!**
**ਇਹ ਕੀ ਸੀ? ਪੰਜ ਅੱਖਰ ਪੰਜ ਚੀਜਾਂ, J-E-S-U-S**
**ਜੀਉਂਦੇ ਜੀ ਉਸ ਮੈਨੂੰ ਪਿਆਰ ਕੀਤਾ, ਮਰ ਕੇ ਉਸ ਨੇ ਮੈਨੂੰ ਬਚਾਇਆ ਹੈ,**
**ਦਫ਼ਨ ਹੋ ਕੇ ਉਸ ਨੇ ਮੇਰੇ ਪਾਪਾਂ ਨੂੰ ਦੂਰ ਹਟਾਇਆ ਹੈ,**
**ਜੀ ਉਠ ਕੇ ਉਸ ਮੈਨੂੰ ਸਦਾ ਲਈ ਆਜ਼ਾਦ ਕੀਤਾ**
**ਕਿਸੇ ਦਿਨ ਉਹ ਆ ਰਿਹਾ ਹੈ,ਉਹ ਸਾਨਦਾਰ ਦਿਨ!**

**50.** **ਅਸੀਂ ਉਸ ਦੀ ਦੂਸਰੀ ਆਮਦ ਦੀ ਰਾਹ ਤੱਕ ਰਹੇ ਹਾਂ! " ਅਤੇ ਇਹਨਾਂ ਦਿਨਾਂ ਅੰਦਰ ਕਿਸੇ ਇੱਕ ਚਕਮਦਾਰ ਬਿਨਾਂ ਬਦਲਾਂ ਵਾਲੀ ਸਵੇਰ ਨੂੰ ਜਿਹੜੇ ਮਸੀਹ ਵਿੱਚ ਹੋ ਕੇ ਮਰੇ ਹਨ ਜੀ ਉਠੱਣਗੇ ਅਤੇ ਮਹਿਮਾ ਵਾਲੇ ਪੁਨਰਥਾਨ (ਜੀ ਉਠਣਾ) ਵਿੱਚ ਹਿੱਸੇਦਾਰ ਹੋਣਗੇ, ਜਦੋਂ ਉਨ ਦੇ ਚੁਣੇ ਲੋਕ ਆਕਾਸ਼ ਅੰਦਰ ਆਪਣੇ ਘਰ ਨੂੰ ਜਾਣ ਲਈ ਇਕੱਠੇ ਹੋਣਗੇ ਮੈਂ ਵੀ ਉਥੇ ਹੋਵਾਂਗਾ।" ਕਿਉਂ ਜੋ ਮੇਰੇ ਪਾਸ ਉਸ ਦੇ ਜੀ ਉਠਨ ਦੀ ਰਸੀਦ ਹੈ!ਤੂੰ ਕਿਸ ਤਰ੍ਹਾਂ ਜਾਣਦਾ ਹੈ? ਉਹ ਮੇਰੇ ਦਿਲ ਅੰਦਰ ਜਿਉਂਦਾ ਹੈ, ਉਹ ਅਪਣੀ ਨਿਹਜਾਵਾਨ ਕਲੀਸੀਯਾ ਦੇ ਦਿਲ ਅੰਦਰ ਰਹਿ**

51. ਮਿਤ ਇਸ ਬਾਰੇ ਸੋਚੋ, ਨਿੱਘੇ ਪਾਣੀ ਦਾ ਤੱਲਾਅ ਬਪਤਿੱਸਮਿਆ ਲਈ ਜਿੰਨੀ ਛੇਤੀ ਦੇਣ ਲਈ ਆਉਂਦੇ ਹਾਂ ਤਿਆਰ ਹੈ । ਕੁਝ ਕੁ ਮਿੰਟਾਂ ਲਈ ਜਿੰਨੀ ਛੇਤੀ ਅਸੀਂ ਦੇਣ ਲਈ ਆਉਂਦੇ ਹਾਂ ਤਿਆਰ ਹੈ ਆਉ ਕੁਝ ਪਲਾਂ ਲਈ ਅਪਣੇ ਸਿਰਾਂ ਨੂੰ ਝੁਕਾਈਏ।

52. ਮੈਂ ਹੈਰਾਨ ਹੋਵਾਂਗਾ, ਜੇ ਕਰ ਸਾਡੇ ਵਿਚਕਾਰ ਕੋਈ ਇੱਕ ਯਾ ਬਹੁੱਤ ਅਜਿਹੇ ਹੋਣ ਜਿਨਹਾਂ ਅਜੇ ਵੀ ਕੁਰਬਾਨੀ ਦੀ ਕਦਰ ਕਰਕੇ ਉਸ ਨੂੰ ਮਹਾਨ ਨਾ ਮੰਨਿਆ ਹੋਵੇ ਕੀ ਤੁਸੀਂ ਚਾਹੋਗੇ ਕਿ ਤੁਹਾਨੂੰ ਪਰਾਥਨਾ ਅੰਦਰ ਯਾਦ ਰੱਖਿਆ

ਜਾਏ ਕਿ ਖੁਦਾ ਨੇ ਅਜੀਬ ਢੰਗ ਨਾਲ ਤੁਹਾਡੇ ਦਿਲਾਂ ਅੰਦਰ ਗਲ ਕੀਤੀ ਹੈ, ਕਿ ਉਸ ਦੀ ਕੁਰਬਾਨੀ ਨੂੰ ਜੋ ਤੁਹਾਡੇ ਆਤਮਾ ਦੀ ਸਫ਼ਾਈ ਕਰਨ ਲਈ ਹੈ, ਕਬੂਲ ਕਰੋਗੇ।

53. ਯਾਦ ਰਖੋ ਅੱਜ ਅਸੀਂ ਨਾ ਕਿ ਕੇਵਲ ਈਸਟਰ ਨੂੰ ਨਵੇਂ ਕਪੜੇ ਪਉਣ ਯਾ ਨਵੇ ਟੋਪ ਪਉਣ ਲਈ ਮਨਾ ਰਹੇ ਹਾਂ, ਇਹ ਕਰਨਾ ਠੀਕ ਹੈ, ਇਹ ਖੁੱਦਾ ਦੇ ਕੁਝ ਨਵੇਂ ਕਰਨ ਦਾ ਨਿਸ਼ਾਨ ਹੈ। ਕਿਉਂ ਜੋ ਇਹ ਸਭ ਚੰਗਾ ਹੈ, ਏਹ ਸਿਰਫ਼ ਏਨਾ ਹੀ ਨਹੀਂ ਹੈ, ਈਸਟਰ ਦਾ ਇਹੋ ਮਤਲਬ ਨਹੀਂ ਹੈ, ਕਿ ਈਸਟਰ ਤੇ, ਪਾਲਤੂ ਸਹੇ, ਆਂਡੇ, ਛੋਟੇ ਚੂਚੇ ਆਦਿ ਯਾ ਈਸਟਰ ਚਿਤਰਕਾਰੀ, ਨਹੀਂ ਭਾਈ ਏਹ ਨਹੀਂ ਹੈ।

54. ਈਸਟਰ ਇੱਕ ਜਿੱਤ ਹੈ, ਇਹ ਧਰਤੀ ਉਪਰ ਇੱਕ ਫਤੱਹ ਹੈ ਕਿ ਉਸ ਨੇ ਅਪਣੇ ਪੁੱਤ੍ਰ ਨੂੰ ਮੁਰਦਿਆਂ ਵਿੱਚੋਂ ਜੀਉਂਦਾ ਕੀਤਾ ਹੈ, ' ਅਤੇ ਜੋ ਕੋਈ ਉਸ ਤੇ ਨਿਹਚਾ ਕਰਦਾ ਹੈ ਨਾਸ਼ ਨਹੀਂ ਹੋਵੇਗਾ ਪਰ ਸਦੀਪਕ ਜੀਵਨ ਪਾਏਗਾ।'

55. ਇਹ ਜਿੰਦਾ ਹੋਣਾ ਤੁਹਾਡੇ ਆਪਣੇ ਜੀਵਨ ਅੰਦਰ ਵੀ ਹੋ ਸਕੱਦਾ ਹੈ, ਜੇ ਕਰ ਇਹ ਤੁਹਾਨੂੰ ਪਰਾਪਤ ਨਹੀਂ ਹੋਇਆ, ਇਸ ਸਵੇਰ ਜੱਦ ਕਿ ਤੁਸਾਂ ਅਪਣੇ ਸਿਰ ਝੁਕਾਏ ਹੋਏ ਹਨ, ਕੀ ਤੁਸੀਂ ਅਪਣਾ ਹੱਥ ਖੜਾ ਕਰਕੇ ਇਸ ਪਰਕਾਰ ਆਖੋਗੇ, " ਹੇ ਖੁੱਦਾ ਕੀ ਮੈਨੂੰ ਯਾਦ ਕਰੇਗਾ ਕਿ ਉਹ ਜਿਉਂਦਾ ਹੋ ਜਾਣ ਵਾਲਾ ਜੀਵਨ ਕਾਸ਼ ਕਿ ਮੇਰੇ ਦਿਲ ਅੰਦਰ ਵੀ ਆ ਜਾਏ। ਕੀ ਅਪਣਾ ਹੱਥ ਖੜ੍ਹਾ ਕਰਕੇ ਦਸੋਗੇ ਕਿ ਭਾਈ ਬਰਾਨਰਮ ਮੇਰੇ ਲਈ ਵੀ ਪਰਾਥਨਾ ਕਰਨੀ? ਖੁੱਦਾ ਤੁਹਾਨੂੰ ਆਸੀਸ ਦੇਵੇ, ਖੁੱਦਾ ਤੁਹਾਨੂੰ ਆਸੀਸ ਦੇਵੇ। ਕੀ ਕੋਈ ਹੋਰ ਦੂਸਰਾ ਵੀ ਹੈ ਅਪਣਾ ਹੱਥ ਖੜਾ ਕਰਕੇ ਕਹੇ, "ਭਾਈ ਮੇਰੇ ਲਈ ਪਰਾਰਥਨਾ ਕਰਨੀ, ਮੈਂ ਇਸ ਜੀ ਉੱਠਣ ਵਾਲੇ ਜੀਵਨ ਨੂੰ ਕਬੂਲ ਕਰ ਸੱਕਾਂ" ?

ਸੁਭੇ, ਉਸੀ ਦਿਨ,
(ਹੁਣੇ ਜੱਦ ਕਿ ਅਸੀਂ ਗਾ ਰਹੇ ਹਾਂ ਸੋਚੋ.....?).........
ਸਾਦਕ ਜੀ ਓਠੇਂ ਮੋਮਨੀਨ
ਔਰ ਜਾ ਪਹੁੰਚੇ ਰਾਸਤਬਾਜ ਅਬਦੀ ਆਰਾਮਗਾਹ, ਉਸ ਪਾਰ
ਜਿਸ ਵਕਤ ਨਾਮ ਪੁਕਾਰਾ ਜਾਏ, ਮੈਂ ਭੀ ਹਾਜ਼ਰ ਹੋਂਗਾ
ਜਿਸ ਵਕਤ ਨਾਮ ਪੁਕਾਰਾ ਜਾਏ,
ਜਿਸ ਵਕਤ ਨਾਮ ਪੁਕਾਰਾ ਜਾਏ,
(ਹੁਣ ਜੇ ਕਰ ਤੁਸੀਂ ਯਕ਼ੀਨੀ ਨਹੀਂ ਜਾਣਦੇ, ਹੁਣੇ ਹੀ ਠੀਕ ਹੋਵੇ...)....
ਤਖ਼ਤ ਕੇ ਸਾਹਮਨੇ,

ਜਿਸ ਵਕਤ ਨਾਮ ਪੁਕਾਰਾ ਜਾਏ, ਮੈਂ ਭੀ ਹਾਜ਼ਰ ਹੁੰਗਾ
ਆਓ ਅਸੀਂ ਮਾਸਟਰ ਲਈ ਕੰਮ ਸ਼ੁਰੂ ਕਰੀਏ.......
ਇਹ ਹਨ ਨਵੇਂ ਸੰਤ............ਸੂਰਜ਼
ਕਿ ਹੋਰ ਮੇਂਹਨਤ ਕਰੋ

56. ਹੁਣ ਤੁਸੀਂ ਜੋ ਮਸੀਹੀ ਹੋ, ਖ਼ੁੱਦਾ ਨਾਲ ਵਾਦਾ ਕਰਨਾ ਚਾਹੁੰਦੇ ਹੋ
ਹੇਠਾਂ ਆ ਜਾਓ, ਉਸ ਵੱਲ ਉਪਰ ਨੂੰ ਹੱਥ ਖੜਾ ਕਰੋ।
ਜਿਸ ਵਕਤ ਨਾਮ ਪੁਕਾਰਾ ਜਾਏ
ਤਖ਼ਤ ਕੇ ਸਾਹਮਨੇ ਮੈਂ ਭੀ ਹਾਜ਼ਰ ਹੁੰਗਾ।
ਖ਼ੁੱਦਾ ਤੁਹਾਨੂੰ ਆਸੀਸ ਦੇਵੇ।
ਜਿਸ ਵਕਤ ਨਾਮ ਪੁਕਾਰਾ ਜਾਏ,
ਜਿਸ ਵਕਤ ਨਾਮ ਪੁਕਾਰਾ ਜਾਏ,
ਜਿਸ ਵਕਤ ਨਾਮ ਪੁਕਾਰਾ ਜਾਏ,
ਜਿਸ ਵਕਤ ਨਾਮ ਪੁਕਾਰਾ ਜਾਏ, ਤਖ਼ਤ ਕੇ ਸਾਹਮਨੇ ਮੈਂ ਭੀ ਹਾਜ਼ਰ ਹੁੰਗਾ।

57. ਪਿਆਰੇ ਖ਼ੁਦਾ ਤੂੰ ਏਥੇ ਹਰੇਕ ਹਿਰਦੇ ਨੂੰ ਜਾਂਚਿਆ ਹੈ ਤੂੰ ਉਹਨਾਂ ਦੇ ਉਦੇਸ਼ ਅਤੇ ਨਿਸ਼ਾਨੇ ਨੂੰ ਜਾਣਦਾ ਹੈ, ਅਤੇ ਬੇਨਤੀ ਕਰਦਾ ਹਾਂ, ਖ਼ੁੱਦਾ ਦਯਾ ਉਡੇਂਲ ਦੇਹ, ਹੋਣ ਦੇ ਏਹਨਾਂ ਲੋਕਾਂ ਤੇ ਦਯਾ ਉਡੇਲੀ ਜਾਏ। ਤੇਰੇ ਲੋਕ ਇਸ ਵੇਲੇ ਸਵੇਰ ਨੂੰ ਤੇਰੀ ਭਗਤੀ ਕਰਨ ਆਏ ਹਨ, ਉਹ ਇਸ ਸਥਾਨ ਤੇ ਤੇਰਾ ਬਚਨ ਸੁਣਨ ਆਏ ਹਨ, ਜਿਸ ਤਰ੍ਹਾਂ ਅਸਾਂ ਪਰਚਾਰਿਆ ਹੈ।

58. ਜਦੋਂ ਤੂੰ ਏਥੇ ਜੀਵਨ ਬਤੀਤ ਕੀਤਾ ਸੀ ਤਾਂ ਤੇਰੇ ਵਰਗਾ ਕੋਈ ਵੀ ਜੀਵਨ ਨਾ ਸੀ। ਮਰਦੇ ਹੋਏ ਬੱਸ ਤੂੰ ਹੀ ਇੱਕ ਸੀ ਜੋ ਇਸ ਤਰ੍ਹਾਂ ਦੀ ਮੌਤ ਮਰ ਸਕਿੱਆ। ਜਦੋਂ ਤੂੰ ਮਰਿਆ ਸੀ ਤੂੰ ਸਾਡੇ ਪਾਪਾਂ ਨੂੰ ਦੂਰ ਹਟਾ ਦਿੱਤਾ ਹੈ; ਲੋਕਾਂ ਦੇ ਪਾਪਾਂ ਨੂੰ ਉਠਾ ਕੇ ਤੂੰ ਭੁੱਲਾਂ ਦੇ ਸਮੁੰਦਰ ਵਿੱਚ ਸੁੱਟ ਦਿੱਤਾ ਹੈ। ਪਰ ਜੀ ਉਠ ਕੇ ਸਾਨੂੰ ਸਦਾ ਲਈ ਧਰਮੀ ਠਹਿਰਾ ਦਿੱਤਾ ਹੈ। ਅਤੇ ਅੱਜ ਅਸੀਂ ਤੇਰੀ ਆਮਦ ਨੂੰ ਉਡੀਕ ਰਹੇ ਹਾਂ।

59. ਖ਼ੁੱਦਾ ਉਹਨਾਂ ਨੂੰ ਆਸੀਸ ਦੇ, ਸਾਡੀ ਸਹਾਇਤਾ ਕਰ, ਅਸੀਂ ਮਨੰਦੇ ਹਾਂ ਸਾਡੇ ਪਾਸ ਬਹੁੱਤ ਸਮਾਂ ਨਹੀਂ ਹੈ, ਇਹ ਤਾਂ ਨੇੜੇ ਆਣ ਪਹੁੰਚਾ ਹੈ। ਅਤੇ ਕਿਸੇ ਸਮੇਂ ....ਹੁਣ ਤੋਂ ਇੱਕ ਹੀ ਘੰਟੇ ਅੰਦਰ ਸਾਇੰਸਦਾਨਾਂ ਦੇ ਅਨੁਸਾਰ, ਕੌਮ ਬਚੀ ਨਹੀਂ ਰਹਿ ਸਕਦੀ। ਅਤੇ ਅਸੀਂ ਬੇਨਤੀ ਕਰਦੇ ਹਾਂ, ਜਿਸ ਤਰ੍ਹਾਂ ਕਿ ਅਸੀਂ ਇਸ ਈਸਟਰ ਦੀ ਸੁਭਾ, ਤੇਰੀ ਆਮਦ ਦੇ ਲਈ ਦਵਾਰ ਤੇ ਖੜ੍ਹੇ ਹਾਂ, ਜੋ ਕਲੀਸਿਯਾ ਦੀ ਆਸ ਹੈ। ਕਈ ਹਜ਼ਾਰਾਂ ਧਰਤੀ ਅੰਦਰ ਖਾਕ ਵਿੱਚ ਹਨ ਜੋ ਉਸ ਘੜੀ ਦੀ ਇੰਤਜਾਰ ਕਰ ਰਹੇ

ਹਨ, ਅਤੇ ਉਹਨਾਂ ਦੇ ਆਤਮੇ ਬੇਦੀ ਹੇਠ

ਪੁਕਾਰ ਰਹੇ ਹਨ, " ਹੇ ਪ੍ਰਭੂ ਕਿੰਨੀ ਹੋਰ ਦੇਰੀ, ਹੋਰ ਕਿੰਨੀ ਕੁ ਦੇਰੀ ਹੈ?" ਮੇਰੀ ਬੇਨਤੀ ਹੈ,ਹੇ ਖ਼ੁਦਾ ਤੂੰ ਸਾਡੇ ਨਾਲ ਗੱਲ ਕਰ, ਅਤੇ ਸਾਨੂੰ ਯਾਦ ਰਹੇ ਚਾਹੇ ਅਸੀਂ ਕੁਝ ਵੀ ਧਰਤੀ ਤੇ ਕਰੀਏ, ਇਹ ਵਿਅਰਥ ਹੈ, ਅਤੇ ਕੇਵਲ ਹੁਣ ਇੱਕ ਹੀ ਕੰਮ ਹੈ ਜੋ ਅਸੀਂ ਕਰ ਸਕਦੇ ਹਾਂ ਕਿ ਤੇਰੀ ਆਮਦ ਦੀ ਇੰਤਜਾਰ ਕਰੀਏ, ਅਤੇ ਹਰੇਕ ਨੂੰ ਦਸੀਏ, ਸੰਦੇਸ ਜ਼ਰੂਰੀ ਹੈ ਕਾਸ਼ ਕਿ ਇਸ ਨੂੰ ਅਸੀਂ ਲੋਕਾਂ ਤੱਕ ਝੱਟ ਲੈ ਜਾਈਏ ਕਾਸ਼ ਕਿ ਤੂੰ ਕਿਸੇ ਸਮੇਂ ਵੀ ਆ ਸਕੇ। ਇਸ ਤੋਂ ਪਹਿਲਾ ਕਿ ਇਹ ਬੰਬ ਅਤੇ ਉਹ ਮਿਜਾਇਲਾਂ ਜਿਨਹਾਂ ਬਾਰੇ ਲੋਕ ਦਸਦੇ ਹਨ ਕਿ ਇਹ ਫੱਟ ਕੇ ਹਜ਼ਾਰਾਂ ਨੂੰ ਇੱਕ ਹੀ ਮਿੰਟ ਅੰਦਰ.....ਲਟਉਣ ਤੋਂ ਪਹਿਲਾਂ ਹੀ, ਤੂੰ ਆਉਣ ਦਾ ਵਾਦਾ ਕੀਤਾ ਹੈ। ..... ਕਿ ਅਪਣੇ ਲੋਕਾਂ ਨੂੰ ਲੈ ਜਾਏ। ਪ੍ਰਭੂ ਇਹ ਇਸੇ ਤਰ੍ਹਾਂ ਹੋਏਗਾ ਇਸ ਲਈ ਇਹ ਕਿਸੇ ਇੱਕ ਮਿੰਟ ਤੇ ਵੀ (ਪੁਨਰਥਾਨ) ਜੀ ਉਠਨਾ ਕਲੀਸੀਯਾ ਲਈ ਈਸਟਰ ਦਾ ਕੰਮ ਹੋ ਸਕੱਦਾ ਹੈ। ਸਾਡੀ ਪਰਾਥਨਾ ਸੁਣ, ਮਸੀਹ ਵਿੱਚ ਹੋ ਕੇ ਇਸ ਪਾਪ ਭਰੇ ਜੀਵਨ ਤੇ, ਸਦੀਪਕ ਜੀਵਨ ਅੰਦਰ ਜੀ ਉਠੀਏ।

60. ਅੱਜ ਜਿਉਂ ਹੀ ਅਸੀਂ ਦੂਸਰੀਆਂ ਬੰਦਗੀਆਂ ਸੰਡੇ ਸਕੂਲ ਸਿਖਿਆ ਵੱਲ ਜਾਂਦੇ ਹਾਂ ਹੇ-ਪ੍ਰਭੂ ਫੇਰ ਸਾਡੇ ਨਾਲ ਗੱਲ ਕਰ, ਅਤੇ ਕਾਸ਼ ਕਿ ਬਹੁਥੇਰੇ ਦਿਲ ਅਜੀਬ ਢੰਗ ਨਾਲ ਚਤਾਵਾਨੀ ਪਉਣ। ਅਤੇ ਕਾਸ ਕਿ ਉਹ ਹਜ਼ਾਰਾਂ ਇਸ ਸਵੇਰ, ਈਸਟਰ ਦੀ ਸੁਭਾ ਇਸ ਤਲਾਅ ਵੱਲ, ਪ੍ਰਭੂ ਯਿਸੂ ਦੀ ਕੁਰਬਾਨੀ ਨੂੰ ਕਬੂਲ ਕਰਦੇ ਹੋਏ, ਉਸ ਨਾਲ ਦਫ਼ਨ ਹੋਣ ਨੂੰ ਆਉਣ ਉਹ ਕਿਸੇ ਵੀ ਕਲੀਸੀਯਾ ਯਾ ਧਰਮ ਨਾਲ, ਜੱਥੇ ਨਾਲ ਸੰਗਤ ਰਖਦੇ ਹੋਣ, ਇਸ ਦਾ ਕੋਈ ਮਤਲਬ ਕੋਈ ਮਾਮਲਾ ਨਹੀਂ।ਪਰ ਕੀ ਉਹਨਾਂ ਉਸ ਦੀ ਕੁਰਬਾਨੀ ਨੂੰ ਕਬੂਲ ਕੀਤਾ ਹੈ ਕਿ ਨਹੀਂ? ਮੰਨਦੇ ਹਨ ਕਿ ਉਹ ਭਲੇ ਨਹੀਂ ਹਨ ਸਿਰਫ਼ ਇੱਕ ਯਿਸੂ ਹੀ ਭਲਾ ਹੈ। ਅਤੇ ਸਾਡੇ ਲਈ ਮਰਿਆ ਹੈ, ਸਾਡੇ ਬਦਲੇ ਉਸ ਆਪ ਸਾਡੇ ਪਾਪ ਉਠਾਏ ਅਤੇ ਪਾਪਾਂ ਨੂੰ ਦਫ਼ਨ ਕੀਤਾ ਅਤੇ ਅਸੀਂ ਹੁਣ ਉਸ ਇਕੱਲੇ ਅੰਦਰ ਜਿਉਂਦੇ ਹਾਂ ਸਾਡੀਆਂ ਕਲਿਸਿਯਾਂ ਸਾਡੇ ਪਾਪ ਦਫਨ ਨਹੀਂ ਕਰ ਸਕਦੀਆਂ ਅਸੀ ਵੀ ਅਪਣੇ ਪਾਪ ਆਪ ਦਫ਼ਨ ਨਹੀਂ ਕਰ ਸਕਦੇ ਹਾਂ ਪਰ ਮਸੀਹ ਨੇ ਸਾਡੇ ਪਾਪਾਂ ਨੂੰ ਭੁਲਾਂ ਦੇ ਸਮੁੰਦਰ ਅੰਦਰ ਦਫ਼ਨ ਕੀਤਾ ਹੈ। ਪ੍ਰਭੂ ਬਖ਼ਸ ਦੇ ਕਿ ਹੁਣ ਇਹ ਗੱਲਾਂ ਤੇਰੀ ਨਜ਼ਰ ਵਿੱਚ ਸਾਨਦਾਰ ਠਹਿਰਨ।

61. ਪ੍ਰਭੂ ਅੱਜ ਰਾਤ ਕਾਸ ਕਿ ਤੂੰ ਅਪਣੇ ਜੀ ਉਠਨ ਦੀ ਸਮਰਥਾ ਵਿੱਚ ਇਸ ਤਰ੍ਹਾਂ ਆ ਅਤੇ ਇਸ ਸਥਾਨ ਨੂੰ ਹਲਾ ਦੇ, ਜਿਸ ਤਰ੍ਹਾਂ ਪਹਿਲਾਂ ਕਦੀ ਨਹੀਂ ਹਲਾਇਆ। ਕਾਸ ਕਿ ਅਜੀਬ ਕੰਮ ਅਤੇ ਨਿਸ਼ਾਨ ਪਰਗਟ ਕੀਤੇ ਜਾਣ, ਪ੍ਰਭੂ ਫੇਰ ਹੋਣ ਦੇ ਜਿਸ ਤਰ੍ਹਾਂ ਕੁਝ ਐਤਵਾਰ ਪਹਿਲਾਂ ਕੀਤਾ ਸੀ, ਜਿਸ ਵੇਲੇ ਮਾਂਦਿਆ ਅਤੇ ਰੋਗੀਆ ਨੂੰ ਅਜੀਬ ਢੰਗ ਨਾਲ ਚੰਗਾਈ ਮਿਲੀ ਸੀ, ਪ੍ਰਭੂ ਅਸੀਂ ਬੇਨਤੀ ਕਰਦੇ ਹਾਂ

ਅੱਜ ਰਾਤ ਤੇਰੀ ਮਹਿਮਾ ਲਈ ਅਜਿਹਾ ਹੀ ਹੋਵੇਗਾ।

62. ਹੁਣ ਪ੍ਰਭੂ ਸਾਡੇ ਕਸੂਰਾਂ ਨੂੰ ਮਾਫ ਕਰਦੇ ਅਤੇ ਕਾਸ ਇਹ ਈਸਟਰ ਸਾਡੇ ਵਿਚੋਂ ਕੁਝ ਲਈ, ਸਗੋਂ ਸਾਡੇ ਸਭਨਾ ਲਈ ਅਸਲੀਅਤ ਬਣ ਜਾਏ। ਅਤੇ ਇਹਨਾਂ ਲੋਕਾਂ ਲਈ ਜਿਨਹਾਂ ਈਸਟਰ ਦੀ ਆਸੀਸ ਨੂੰ ਕਦੇ ਨਹੀਂ ਜਾਣਿਆ, ਕਾਸ਼ ਕਿ ਅੱਜ ਮਸੀਹ ਉਹਨਾਂ ਦੇ ਦਿਲਾਂ ਅੰਦਰ ਨਵੀਂ ਆਸ ਅਤੇ ਨਵਾਂ ਜੀਵਨ ਬਣ ਕੇ ਜੀ ਓਠੇ। ਉਹਨਾਂ ਦਾ ਧਿਆਨ ਕਲਵਰੀ ਵੱਲ ਖਿੱਚ, ਅਸੀਂ ਇਹ ਯਿਸੂ ਦੇ ਨਾਮ ਵਿੱਚ ਮੰਗਦੇ ਹਾਂ, ਆਮੀਨ।

63. ਟੇਪ ਖਾਲੀ ਚਲਦੀ ਹੈ- ਸੰਪਾਦਕ} ਤੁਹਾਡੇ ਵਿਚੋਂ ਕਿੰਨੇ ਕੁ ਹਨ ਜੋ ਪ੍ਰਭੂ ਨੂੰ ਪਿਆਰ ਕਰਦੇ ਹਨ ਜਰਾ ਕੁ ਅਪਣੇ ਹੱਥ ਖੜ੍ਹੇ ਕਰੋ, ਓਹ, ਏਹ ਕਿੰਨਾ ਅਜੀਬ ਹੈ!

64. ਭਾਈ ਮਕਦਾਵਲ, ਮੈਂ ਸੁਣਿਆ ਹੈ ਤੁਸੀਂ ਬੱਚੀ ਨੂੰ ਮਕਸੂਸ ਕਰਵਾਉਣਾ ਚਾਹੁੰਦੇ ਹੋ, ਕੀ ਤੁਸੀਂ ਸੰਡੇ ਸਕੂਲ ਲਈ ਵਾਪਸ ਮੁੜ ਕੇ ਆਉਗੇ, ਕੀ ਆ ਸਕਦੇ ਹੋ? ਠੀਕ ਹੈ ਇਹ ਵਧੀਆ ਹੋਵੇਗਾ ਤੱਦ ਉਸ ਵੇਲੇ ਅਸੀਂ ਬੱਚਿਆ ਨੂੰ ਮਕਸੂਸ ਕਰਾਂਗੇ, ਆਦਿ, ਉਸ ਸਮੇਂ ਤੇ, ਜੇਕਰ ਤੁਹਾਨੂੰ ਬੁਰਾ ਨਾ ਲਗੇ, ਇਹ ਸਭ ਸਹੀ ਹੈ।

65. ਅਤੇ ਹੁਣ ਅਸੀ ਸਭਾ ਨੂੰ ਕੁਝ ਪੱਲਾਂ ਲਈ ਬਰਖਾਸਤ ਕਰ ਰਹੇ ਹਾਂ, ਕਿ ਅਸੀ ਅਪਣੇ ਸਥਾਨ ਤੇ ਜਾ ਕੇ ਨਾਸ਼ਤਾ ਲੈ ਸਕੀਏ ਅਤੇ ਫੇਰ ਵਾਪਸ ਆ ਸਕੀਏ, ਅਸੀਂ ਖੁਸ਼ ਹਾਂ ਕਿ ਤੁਸੀਂ ਇਸ ਸਭਾ ਅੰਦਰ ਹਾਜ਼ਰ ਰਹੇ ਹੋ।

66. ਅਤੇ ਹੁਣ ਆਓ ਅਸੀਂ ਖੜ੍ਹੇ ਹੋ ਕੇ ਅਤੇ ਉਹੀ ਗੀਤ ਜੋ ਅਸੀ ਕੁਝ ਸਮਾਂ ਪਹਿਲਾ ਗਾ ਰਹੇ ਸਾਂ, "ਉਸ ਸਾਫ ਅਤੇ ਬਿਨਾਂ ਬਦਲਾਂ ਵਾਲੇ.....ਕਿੰਨਿਆ ਨੂੰ ਇਹ ਆਸ ਹੈ ਆਓ ਵੇਖੀਏ ਤੁਸਾਂ ਜੋ ਖੜੇ ਕੀਤੇ ...ਖੜੇ ਹੋ ਜਾਓ....

ਸੁਭੇ ਸਾਦਕ ਉਸ ਹੀ ਦਿਨ ਕਿ ਜਬ ਜੀ ਉਠੇ ਮੋਮਨੀਨ,
ਔਰ ਜਾ ਪਹੁੰਚੇ ਰਾਸਤਬਾਜ ਅਬਦੀ ਆਰਾਮਗਾਹ,

# LIVING, DYING, BURIED, RISING, COMING

ਏਹ ਸੰਦੇਸ਼ ਭਾਈ ਵਿਲੀਅਮ ਮੇਰਿਅਨ ਬ੍ਰਾਨਹਮ ਨੇ ਈਸਟਰ ਦੀ ਐਤਵਾਰ ਸੁਭਾ-ਸਵਖਤੇ, ਮਾਰਚ 29,1959 ਨੂੰ ਬ੍ਰਾਨਹਮ ਡੇਰਾ, ਜਫਰਸਨਵਿਲੈ, ਇੰਡਿਆਨਾ ਯੂ•ਏਸ•ਏ• ਅੰਦਰ ਪਰਚਾਰਿਆ. ਇਸ ਟੇਪ ਦਾ ਨੰ: 59-0329-S ਹੈ, ਇਸ ਜਬਾਨੀ ਪਰਚਾਰੇ ਸੰਦੇਸ਼ ਨੂੰ ਚੁੰਬਕ ਟੇਪ ਰਿਕਾਰਡਿੰਗ ਤੋਂ ਲੈਕੇ ਛਪਾਈ ਵਿੱਚ ਬਦਲਨ ਲਈ ਸਫਲਤਾ ਹਰੇਕ ਸਹੀ ਯਤਨ ਨਾਲ ਪਰਾਪਤ ਕਰਕੇ VGR•ਵਾਇਸ ਆਫ ਗਾਡ ਰਿਕਾਰਡਿੰਗ ਨੇ ਬਿਨਾਂ ਘਟਾਏ-ਵਧਾਏ ਛਪਵਾੱ ਕੇ ਮੁਫਤ ਵੰਡਣ ਲਈ ਤਿਆਰ ਕੀਤਾ ਹੈ। ਇਹ ਪੁਸਤਕ ਨਿਹਚਾਵਾਨਾ ਦੀ ਆਜ਼ਾਦ ਇਛਿਆ ਰਾਹੀਂ ਉਹਨਾਂ ਦੇ ਦਾਨ ਨਾਲ ਤਿਆਰ ਕੀਤੀ ਗਈ ਹੈ।

©2001 V.G.R•ਹਰੇਕ ਹੱਕ ਰਾਖਵਾ ਹੈ।

VOICE OF GOD RECORDINGS
P.O. Box 950, Jeffersonville, Indiana 47131 U.S.A. U.S.A

**VOICE OF GOD RECORDINGS INC.**

**India Office**

**No. 28, Shenoy Road, Nungambakkam, Chennai - 600 034. South India.**
**Phone : 044-28274560 Fax : 044-28256970**

## Copyright notice

All rights reserved. This book may be printed on a home printer for personal use or to be given out, free of charge, as a tool to spread the Gospel of Jesus Christ. This book cannot be sold, reproduced on a large scale, posted on a website, stored in a retrieval system, translated into other languages, or used for soliciting funds without the express written permission of Voice Of God Recordings®.

For more information or for other available material, please contact:

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org